
ਇਸ਼ਕ ਦੀ ਸਾਂਝ
www.punjabilibrary.com
ਰਘਪ੍ਰੀਤ

# ਇਸ਼ਕ ਦੀ ਸਾਂਝ

## ਰਘਾਘਪ੍ਰੀਤ



ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com



ਇਸ਼ਕ ਇਬਾਦਤ ਰੂਹਦਾਰੀ ਹੈ, ਮੇਰੇ ਲਈ ਦੁਨੀਆਂ ਸਾਰੀ ਹੈ
ਸੋਹਣੇ ਆਪਣੇ ਯਾਰ ਦੇ ਉੱਤੋਂ, ਮੈਂ ਤਾਂ ਹਰ ਇੱਕ ਸ਼ੈਅ ਵਾਰੀ ਹੈ

**ਰਬਾਬਪ੍ਰੀਤ**

ENCOURAGING ME WHEN I NEED A SHOVE
BUT MOST OF ALL THANK YOU FOR
LOVING ME FOR WHO I AM





# ਸਾਂਝ

ਜਿਸਮ ਵੀ ਸਾਂਝਾ ਰੂਹ ਵੀ ਸਾਂਝੀ
ਸਾਂਝੀ ਹੈ ਹਰ ਚੀਜ਼
ਤੇਰੇ ਨਾਲ ਜੁੜੀ ਐ ਸੱਜਣਾ
ਹੁਣ ਮੇਰੀ ਹਰ ਰੀਝ

ਸਾਂਝੇ ਨੇ ਹੁਣ ਦੁੱਖ ਸੁੱਖ ਸਾਡੇ
ਸਾਂਝੇ ਨੇ ਸਭ ਚਾਅ
ਤੇਰੇ ਨਾਲ ਮਿੱਟੀ ਵੀ ਸੋਨਾ
ਬਿਨ ਤੇਰੇ ਸਭ ਸਵਾਹ

ਛੇਤੀ ਹੀ ਹੁਣ ਛਾਂ ਦੇਵੇਗਾ
ਇਸ਼ਕ ਦਾ ਲਾਇਆ ਬੀਜ
ਜਿਸਮ ਵੀ ਸਾਂਝਾ ਰੂਹ ਵੀ ਸਾਂਝੀ
ਸਾਂਝੀ ਐ ਹਰ ਚੀਜ਼

ਸਾਂਝੀਆਂ ਲਿਖਤਾਂ ਸਾਂਝੇ ਅੱਖਰ
ਨਜ਼ਮਾਂ ਵਿੱਚ ਵੀ ਸਾਂਝ ਹੈ ਸੱਜਣਾ
ਧਰਤੀ ਬ੍ਰਹਿਮੰਡ ਫੋਲ ਕੇ ਵੀ ਹੁਣ
ਨਹੀਂ ਮੈਨੂੰ ਤੇਰੇ ਜਿਹਾ ਲੱਭਣਾ

ENCOURAGING ME WHEN I NEED A SHOVE
BUT MOST OF ALL THANK YOU FOR
LOVING ME FOR WHO I AM





ਇਸ਼ਕ ਸਾਡੇ ਦੀ ਖੈਰੀਅਤ ਲਈ  
ਬੰਨੇ ਮੈਂ ਤਾਵੀਜ਼  
ਜਿਸਮ ਵੀ ਸਾਂਝਾ ਰੂਹ ਵੀ ਸਾਂਝੀ  
ਸਾਂਝੀ ਐ ਹਰ ਚੀਜ਼

ENCOURAGING ME WHEN I NEED A SHOVE  
BUT MOST OF ALL THANK YOU FOR  
LOVING ME FOR WHO I AM





# ਕੀ ਆਂਹਨਾ ਐ

ਹੁਣ ਓਹਨੂੰ ਤੂੰ ਕੀ ਆਂਹਨਾ ਐ
ਸੱਜਣ ਖ਼ੁਦਾ ਜਾਂ ਜੀ ਆਂਹਨਾ ਐ

ਦਿੱਤਾ ਓਹਨੂੰ ਅਕਾਸ਼ ਦਾ ਦਰਜਾ
ਜਾਂ ਫ਼ਿਰ ਓਹਨੂੰ ਜ਼ਮੀਂ ਆਂਹਨਾ ਐ

ਬੱਦਲ ਤਾਂ ਨੀ ਕਹਿ ਕੇ ਸੱਦ 'ਦਾ
ਜਾਂ ਫਿਰ ਓਹਨੂੰ ਮੀਂਹ ਆਂਹਨਾ ਐ

ਮੈਂ ਤਾਂ ਇਹ ਸੁਣਿਆ ਲੋਕਾਂ ਤੋਂ
ਬੜਾ ਓਹਨੂੰ ਜੀ ਜੀ ਆਂਹਨਾ ਐ

ਦੱਸ ਖਾਂ ਇਹ ਗੱਲ ਝੂਠ ਜਾਂ ਸੱਚ ਹੈ
ਤੂੰ ਓਹਨੂੰ ਆਪਣੀ ਨੀਂਹ ਆਂਹਨਾ ਐ

ENCOURAGING ME WHEN I NEED A SHOVE
BUT MOST OF ALL THANK YOU FOR
LOVING ME FOR WHO I AM





# ਉਫ਼

ਉਫ਼..! ਇਹ ਤੇਰੀਆਂ ਗੱਲਾਂ ਦਿਲ ਨੂੰ ਠੱਗਣ ਵੇ
ਉਫ਼..! ਇਹ ਮੈਨੂੰ ਬਾਹਲੀਆਂ ਸੋਹਣੀਆਂ ਲੱਗਣ ਵੇ
ਉਫ਼..! ਤੇਰੀ ਅੱਖਾਂ ਦੇ ਵਿੱਚ ਇੱਕ ਦੁਨੀਆ ਐ
ਉਫ਼..! ਜਿੱਥੇ ਮੈਂ ਰਹਿਣਾ ਚੇਤ ਤੋਂ ਫੱਗਣ ਵੇ

ਉਫ਼..! ਇਹ ਤੇਰੀਆਂ ਲਿਖਤਾਂ ਤੇਰੀਆਂ ਕਵਿਤਾਵਾਂ
ਰੂਹ ਮੇਰੀ ਨੂੰ ਨਾਲ ਸਕੂਨ ਦੇ ਭਰਦੀਆਂ ਨੇ
ਉਫ਼..! ਇਹ ਮੋਹ ਦੇ ਨਾਲ ਸੋਹਣਿਆ ਭਰ ਜਾਵਣ
ਅੱਖਾਂ ਜਦ ਜਦ ਤੇਰੀਆਂ ਨਜ਼ਮਾਂ ਪੜ੍ਹਦੀਆਂ ਨੇ

ਉਫ਼..! ਕਿੰਨੇ ਨੇ ਸੂਰਜ ਤੇਰੇ ਨੇਤਰਾਂ ਵਿੱਚ
ਉਫ਼..! ਤੈਨੂੰ ਚੰਨ ਰੌਸ਼ਨੀ ਲੈਣ ਲਈ ਲੱਭਣ ਵੇ
ਉਫ਼..! ਇਹ ਤੇਰੀਆਂ ਗੱਲਾਂ ਦਿਲ ਨੂੰ ਠੱਗਣ ਵੇ
ਉਫ਼..! ਇਹ ਮੈਨੂੰ ਬਾਹਲੀਆਂ ਸੋਹਣੀਆਂ ਲੱਗਣ ਵੇ

ENCOURAGING ME WHEN I NEED A SHOVE
BUT MOST OF ALL THANK YOU FOR
LOVING ME FOR WHO I AM





# ਪਾਕ ਮੁਹੱਬਤਾਂ

ਅੱਜ ਦੇ ਦੌਰ ਵਿੱਚ ਮੈਨੂੰ ਬਹੁਤ ਹੈਰਾਨ ਕਰਦੀ ਆ ਓਹਨਾਂ ਲੋਕਾਂ ਦੀ
ਵਫ਼ਾਦਾਰੀ
ਜੋ ਜ਼ਿੰਦਗੀ ਦੇ ਆਖਰੀ ਪੜਾਅ ਤੇ ਵੀ ਇੱਕ ਦੂਜੇ ਦੇ ਨਾਲ ਅਡੋਲ
ਖੜ੍ਹੇ ਨੇ
ਜੋ ਦੂਜੇ ਨੂੰ ਕਦੀ ਨੀਵਾਂ ਨਹੀਂ ਮਹਿਸੂਸ ਹੋਣ ਦਿੰਦੇ
ਇੱਕ ਹੱਥ ਦਵਾਈਆਂ ਤੇ ਰਿਪੋਰਟਾਂ ਵਾਲਾ ਲਿਫ਼ਾਫ਼ਾ
ਦੂਜੇ ਹੱਥ ਵਿੱਚ ਆਪਣੇ ਸਾਥੀ ਦੇ ਕੰਬਦੇ ਹੱਥਾਂ ਨੂੰ ਫੜਿਆ ਹੋਇਆ

ਪਤਾ ਨੀ ਕਿਉਂ ਓਹਨਾਂ ਦੀ ਹਾਲਤ ਦੇਖ ਕੇ ਮੇਰੀਆਂ ਅੱਖਾਂ ਵਿੱਚ
ਪਾਣੀ ਜਿਹਾ ਭਰ ਆਇਆ ਸੀ
ਦੂਰ ਕਿਤੇ ਮੈਂ ਆਪਣੇ ਪਿਆਰੇ ਦੀ ਬੇਵਫ਼ਾਈ ਨੂੰ ਯਾਦ ਕਰ ਅੰਦਰੋਂ
ਅੰਦਰੀਂ ਮਰ ਆਇਆ ਸੀ

ਐਨਾ ਸੌਖਾ ਤੇ ਨੀ ਹੁੰਦਾ, ਜਜ਼ਬਾਤਾਂ ਤੋਂ ਯਾਦਾਂ ਤੱਕ ਦਾ ਸਫ਼ਰ
ਕਿਸੇ ਅਣਜਾਣ ਨਾਲ ਪਿਆਰ ਤੇ, ਫਿਰ ਆਖ਼ਰੀ ਸਾਹਾਂ ਤੱਕ ਨਿਭਾ
ਜਾਣਾ

ਸ਼ਾਇਦ ਉਹ ਹੁੰਦਾ ਤੇ ਮੈਂ ਕਹਿੰਦੀ ਓਸਨੂੰ ਕਿ
ਤੈਨੂੰ ਪਤਾ !
ਮੈਂ ਉਹਨਾਂ ਦੇ ਸੁਕੂਨ ਨੂੰ ਮਹਿਸੂਸ ਕੀਤਾ ਹੈ
ਤੇਰੀਆਂ ਯਾਦਾਂ ਦੇ ਕੌੜੇ ਘੁੱਟ ਨੂੰ ਸਬਰਾਂ ਨਾਲ ਪੀਤਾ ਹੈ



ENCOURAGING ME WHEN I NEED A SHOVE
BUT MOST OF ALL THANK YOU FOR
LOVING ME FOR WHO I AM



ਮੈਂ ਤੇਰੇ ਨਾਲ ਮੁਹੱਬਤ ਨਹੀਂ
ਮੈਂ ਤਾਂ ਤੇਰੇ ਨਾਲ ਇਸ਼ਕ ਕੀਤਾ ਹੈ

ENCOURAGING ME WHEN I NEED A SHOVE
BUT MOST OF ALL THANK YOU FOR
LOVING ME FOR WHO I AM





# ਤੇਰੇ ਤੋਂ ਮੇਰੇ ਤੱਕ

ਕਿੰਝ ਵੱਖ ਹੋਵਾਂ ਤੈਥੋਂ ਮੁਕੰਮਲ ਯਾਰਾ
ਮੇਰੇ ਵਸਲਾਂ ਨੂੰ ਜਾਂਦਾ ਰਾਹ ਤੇਰੇ ਤੱਕ ਸੀ
ਐਬ, ਗੁਨਾਹ ਸਭ ਪਾਸੇ ਰੱਖ
ਜੋ ਵੀ ਸੀ ਜਿਵੇਂ ਵੀ ਸੀ ਸਿਰਫ਼ ਮੇਰਾ ਹੱਕ ਸੀ

ਨਾ ਮਿਲਿਆ ਨਾ ਹੀ ਵਿਛੜ ਪਾਇਆ
ਮੇਰੀ ਤਾਂਘ ਬਸ ਐਵੇਂ ਜੱਕੋ ਤੱਕ ਸੀ
ਤੇਰੇ ਮੁੜਨੇ ਦੀ ਆਸ ਕੋਈ ਨਾ
ਕੁਝ ਗੱਲਾਂ ਸਿਰਫ਼ ਮੈਂ ਤੋਂ ਤੂੰ ਤੱਕ ਸੀ

ਤੈਨੂੰ ਪਤੈ !
ਬਹੁਤ ਕੁਝ ਸੀ ਸਾਂਝਾ ਕਰਨ ਵਾਲਾ
ਕੁਝ ਵਕਤ ਤੇ ਹੋਰ ਰੁਕ ਜਾਂਦਾ ਨਾ
ਤੈਨੂੰ ਵੱਖ ਹੁੰਦਿਆਂ ਵੇਖਣ ਤੋਂ ਬਾਅਦ
ਗੱਲ ਤਾਂ ਸਾਰੀ ਸਿਰਫ਼ ਸ਼ੱਕ ਦੀ ਸੀ

ਕੁਝ ਖ਼ਵਾਬ, ਕੁਝ ਗੱਲਾਂ, ਕੁਝ ਸੁਪਨੇ
ਨਾ ਤੂੰ ਬਦਲੇ ਬਸ ਮੈਂ ਹੀ ਸਹਿ ਗਿਆ
ਸਭ ਜਾਣਦੇ ਹੋਏ ਵੀ
ਇਹ ਦਰਦ ਜੁਦਾਈਆਂ ਵਾਲਾ
ਮੈਂ ਹੱਸਦੇ ਹੱਸਦੇ ਕਹਿ ਰਿਹਾ

ENCOURAGING ME WHEN I NEED A SHOVE
BUT MOST OF ALL THANK YOU FOR
LOVING ME FOR WHO I AM





ਮੇਰਾ ਕਹਿਣਾ
ਕੋਈ ਫ਼ਰਕ ਨੀ ਪੈਂਦਾ
ਤੈਨੂੰ ਤਾਂ ਪਤਾ ਨਾ
ਕੁਝ ਗੱਲਾਂ ਸਿਰਫ਼ ਕਹਿਣ ਲਈ ਹੀ ਆ
ਕੁਝ ਨੀ ਬਦਲਿਆ ਨਾ ਤੂੰ ਨਾ ਮੈਂ
ਬਦਲੇ ਤੇ ਸਿਰਫ਼ ਹਾਲਾਤ

ਦਿਲ ਦੀਆਂ ਸੱਧਰਾਂ ਦਾ ਬੂਹਾ ਮੈਂ ਸਦਾ ਖੁੱਲ੍ਹਾ ਹੀ ਰੱਖਦੀ ਆਂ
ਜਾਂ ਸ਼ਾਇਦ ਉਡੀਕ ਏ ਤੇਰੇ ਮੁੜ ਪਰਤਣ ਦੀ
ਇਹ ਵਕਤ ਦੇ ਸਰਕੰਡਿਆਂ ਦੇ ਸਰਕਣ ਦੀ

ਮੁੜ ਆਵੀਂ
ਆਖ਼ਰੀ ਪਲ ਦੇ ਆਉਣ ਤੋਂ ਪਹਿਲਾਂ
ਮੇਰੇ ਸਦਾ ਦੀ ਨੀਂਦ ਸੌਣ ਤੋਂ ਪਹਿਲਾਂ

ਇਹ ਹਰਫ਼ ਉਡੀਕਦੇ ਰਹਿੰਦੇ ਨੇ ਆਪਣੇ ਸਿਰਨਾਵਿਆਂ ਨੂੰ
ਅੱਛਾ ! ਮੁੜ ਆਵੀਂ ਇੱਕ ਆਖਰੀ ਵਾਰ ਬਸ

ਆਦਤ ਨੀ ਮੈਨੂੰ ਕੁਝ ਕਹਿਣ ਦੀ
ਬਿਨਾਂ ਗੱਲੋਂ ਕਿਸੇ ਨਾਲ ਖਹਿਣ ਦੀ
ਬਸ ਇੱਕ ਤੂੰਹੀਓਂ ਸੀ ਯਾਰਾ
ਜਿਹਦੇ ਨਾਲ ਜੋ ਸੀ ਬਸ ਓਹਦੇ ਨਾਲ ਹੀ ਸੀ

ENCOURAGING ME WHEN I NEED A SHOVE
BUT MOST OF ALL THANK YOU FOR
LOVING ME FOR WHO I AM





**ਬਹੁਤ ਗੱਲਾਂ ਸੀ ਤੇਰੇ ਨਾਲ ਸਾਂਝੀਆਂ ਕਰਨ ਵਾਲੀਆਂ**
**ਬਸ ਮੇਰੇ ਤੋਂ ਮੇਰੇ ਤੱਕ ਹੀ ਰਹਿਣਗੀਆਂ**

ENCOURAGING ME WHEN I NEED A SHOVE
BUT MOST OF ALL THANK YOU FOR
LOVING ME FOR WHO I AM





# ਇੰਤਜ਼ਾਰ

ਭਾਵੇਂ ਰਹਿੰਦੀ ਏ  ਉਡੀਕ
ਪਰ ਲੰਘੇ ਵਕਤ ਨਾਲ ਹਾਣੀ ਨੀ ਮੁੜਦੇ
ਰਹਿੰਦਾ ਸ਼ਿਕਵਾ ਰੱਬ ਨਾਲ ਹੀ
ਤਾਂ ਹੀ ਫਿਰ ਅੱਖਾਂ ਦੇ ਪਾਣੀ ਨੀ ਥੁੜ ਦੇ
ਤਾਂਘ ਅੱਖਾਂ ਵਾਲੀ ਨਹੀਂ ਮੁੱਕਦੀ
ਲੱਖਾਂ ਦੁਆਵਾਂ ਕਰਨ ਤੇ ਵੀ ਇਹ ਜ਼ਿੰਦਗੀ ਨਹੀਂ ਰੁਕਦੀ

ਮੈਂ ਦੇਖਿਆ ਓਹਨੂੰ
ਓਹ ਆਉਂਦੇ ਜਾਂਦੇ ਹਰ ਇੱਕ ਨੂੰ ਦੇਖ ਰਿਹਾ ਸੀ
ਸ਼ਾਇਦ ਲੱਭਦਾ ਸੀ ਕੋਈ ਚਿਹਰਾ ਓਹ
ਤਾਂ ਹੀ ਰੂਹ ਦੇ ਜ਼ਖ਼ਮਾਂ ਨੂੰ ਅੱਖਾਂ ਨਾਲ ਸੇਕ ਰਿਹਾ ਸੀ

ਓਹਦੇ ਲਈ ਗੱਲ ਵਸਲਾਂ ਵਾਲੀ ਕਰਨੀ ਔਖੀ ਏ
ਅੱਜ, ਕੱਲ੍ਹ, ਫੇਰ ਤੇ ਅਗਰ ਮਗਰ ਵਿੱਚ ਫਸਿਆ ਓਹ
ਓਹਦੇ ਲਈ ਗੱਲ ਨਸਲਾਂ ਵਾਲੀ ਕਰਨੀ ਔਖੀ ਏ

ਪੁੱਛਣ ਤੇ ਓਹ ਕਹਿੰਦਾ ਮੈਨੂੰ ਭੁੱਲਿਆ ਰਹਿਣ ਦੋ
ਮੇਰੇ ਨਾਲ ਗੱਲ ਸਮੇਂ ਨੂੰ ਸਾਂਭਣ ਦੀ ਨਾ ਕਰੋ
ਮੈਨੂੰ ਰੁਲ਼ਿਆ ਰਹਿਣ ਦੋ
ਮੈਂ ਯਾਦ ਓਹਦੀ ਚ ਰੁਕਣਾ ਚਾਹੁੰਦਾ ਹਾਂ

ENCOURAGING ME WHEN I NEED A SHOVE
BUT MOST OF ALL THANK YOU FOR
LOVING ME FOR WHO I AM





ਤਸਵੀਰ ਓਹਦੀ ਨੂੰ ਸਾਂਭ ਕੇ ਦਿਲ ਵਿਚ
ਓਹਦੀ ਮੁਹੱਬਤ ਅੱਗੇ ਝੁਕਣਾ ਚਾਹੁੰਦਾ ਹਾਂ

ਪਰ
ਓਹਦੇ ਪਰਤ ਆਉਣ ਦੀ ਤਾਂ ਗੱਲ ਬੜੀ ਪੁਰਾਣੀ ਹੈ
ਸੱਚ ਪੁੱਛੇਂ ਤਾਂ ਮੇਰੀ ਯਾਰਾ ਇਹ ਅਧੂਰੀ ਕਹਾਣੀ ਏ

ENCOURAGING ME WHEN I NEED A SHOVE
BUT MOST OF ALL THANK YOU FOR
LOVING ME FOR WHO I AM





# ਮੇਰਾ ਮਹਿਰਮ

ਮਾਸੂਮੀਅਤ ਭਰੀਆਂ ਅੱਖਾਂ ਨਾਲ ਮਾਫ਼ੀ ਮੰਗਦਾ
ਕਦੀ ਖ਼ੁਸ਼ ਹੋਵੇ ਤੇ ਕਦੀ ਕਦੀ ਮੇਰੀਆਂ ਗੱਲਾਂ ਸੁਣਕੇ ਸੰਗਦਾ
ਇਹੋ ਜਿਹਾ ਹੈ ਮਹਿਬੂਬ ਮੇਰਾ

ਮੈਂ ਜਿਸ ਮਰਜੀ ਹਾਲ ਚ ਜਾਵਾਂ
ਓਹ ਗਲ਼ ਨਾਲ ਲਾਕੇ ਮੱਥਾ ਚੁੰਮਦਾ ਏ
ਕਹਿੰਦਾ ਕਿ ਓਹਨੂੰ ਫ਼ਰਕ ਨੀ ਕੋਈ
ਕਿੰਨੀਆਂ ਈ ਨਜ਼ਰਾਂ ਭਾਵੇਂ ਜੋ ਮਰਜ਼ੀ ਬੋਲਣ
ਓਹ ਭੀੜ ਚ ਵੀ ਮੇਰਾ ਹੱਥ ਫੜਕੇ ਘੁੰਮਦਾ ਏ

ਬਿਨਾਂ ਕਿਸੇ ਸ਼ਰਤ ਦੇ ਹਰ ਤਰ੍ਹਾਂ ਨਾਲ ਮੈਨੂੰ ਸਵੀਕਾਰ ਕਰ ਲੈਂਦਾ ਏ
ਕਦੀ ਲੱਗੇ ਮੁੱਖ ਉਦਾਸ ਤੇ ਬਾਹਾਂ ਵਿੱਚ ਭਰ ਲੈਂਦਾ ਏ
ਤਾਂ ਈ ਸ਼ਾਇਦ ਮੁਹੱਬਤ ਫ਼ੈਲਦੀ ਜਾ ਰਹੀ ਆ ਦਿਨੋਂ ਦਿਨ
ਆਪਣਾ ਆਪ ਸਿਰਜ ਰਹੀ ਆ ਅਸਮਾਨੋਂ ਉੱਚਾ
ਸਾਫ਼ ਤੇ ਨਿਰਮਲ ਨੀਰ ਵਰਗਾ
ਸ਼ਾਇਦ ਕਿਸੇ ਵਾਰਿਸ ਦੀ ਹੀਰ ਵਰਗਾ



ENCOURAGING ME WHEN I NEED A SHOVE
BUT MOST OF ALL THANK YOU FOR
LOVING ME FOR WHO I AM



# ਕੋਈ ਖ਼ਾਸ

ਤੈਨੂੰ ਪਤੈ
ਕੁਝ ਪਲ ਜ਼ਿੰਦਗੀ ਚ ਕਿਸੇ ਖ਼ਾਸ ਨਾਲ ਈ ਸਾਂਝੇ ਹੁੰਦੇ ਨੇ
ਹਰ ਇੱਕ ਨਾਲ ਆਪਣੀ ਜ਼ਿੰਦਗੀ ਸਾਂਝੀ ਨਹੀਂ ਕੀਤੀ ਜਾ ਸਕਦੀ
ਕੁਝ ਗੱਲਾਂ ਉਸ ਖ਼ਾਸ ਲਈ ਹੀ ਸਾਂਭੀਆਂ ਜਾਂਦੀਆਂ ਨੇ
ਬਿਸਤਰ ਤੇ ਕਿਸੇ ਨਾਲ ਵੀ ਸਾਂਝਾ ਹੋ ਜਾਂਦਾ ਨਾ ਗੱਲ ਤੇ ਮਨ ਦੀ ਆ
ਰੀਝਾਂ ਦੀ ਆ
ਤੇ ਮੇਰੀਆਂ ਰੀਝਾਂ ਮੇਰੇ ਸੁਫ਼ਨੇ ਬਸ ਤੇਰੇ ਨਾਲ ਹੀ ਨੇ
ਜਿੰਨੀਆਂ ਵੀ ਗੱਲਾਂ ਜਿੰਨਾ ਵੀ ਸੱਚ ਝੂਠ ਜੋ ਵੀ ਆ ਬਸ ਤੇਰੇ ਨਾਲ ਹੀ ਆ

ਤੇਰਾ ਇੰਝ ਕਹਿਣਾ ਕਿ ਪਿਆਰ ਆ ਤੇਰੇ ਨਾਲ ਕੋਈ ਦਿੱਲਲਗੀ ਨਹੀਂ
ਸੱਚਮੁੱਚ ਹੀ ਬਹੁਤ ਸਕੂਨ ਦਿੰਦਾ ਏ ਮੈਨੂੰ
ਜਦ ਜਦ ਵੀ ਤੂੰ ਮੈਨੂੰ ਬਾਹਾਂ ਵਿੱਚ ਭਰਦਾ ਏ
ਏਨੀ ਤਪਸ਼ ਨੂੰ ਪਿਛਾਂਹ ਛੱਡਕੇ ਮੇਰਾ ਸੀਨਾ ਬਰਫ਼ ਵਾਂਗਰ ਠਰਦਾ ਏ
ਤੇਰੀ ਇੱਕ ਛੂਹ ਹੀ ਕਾਫ਼ੀ ਏ ਮੇਰੇ ਦਰਦਾਂ ਦੀ ਦਵਾ ਬਣਨ ਲਈ
ਕਿੰਨਾ ਕੁਝ ਛੱਡਿਆ ਮੈਂ ਕੱਲ੍ਹ ਤੇ
ਬਸ ਇੱਕ ਤੇਰੇ ਨਾਲ ਸਾਂਝਾ ਕਰਨ ਲਈ
ਕੁਝ ਪਲ ਮੈਂ ਬਸ ਤੇਰੇ ਨਾਲ ਬਿਤਾਉਣੇ ਨੇ

ENCOURAGING ME WHEN I NEED A SHOVE
BUT MOST OF ALL THANK YOU FOR
LOVING ME FOR WHO I AM





ਅਗਰ ਮਗਰ ਕਾਸ਼ ਦਾ ਕੀ ਭਰੋਸਾ
ਮੈਂ ਜ਼ਿੰਦਗੀ ਦੇ ਖ਼ੂਬਸੂਰਤ ਅਹਿਸਾਸ ਤੇਰੇ ਸੰਗ ਜਿਉਣੇ ਨੇ

ਸੱਚੀਂ ਤੇਰੇ ਵਰਗਾ ਨਾ ਮੈਂ ਲੱਭਿਆ ਨਾ ਮੈਨੂੰ ਥਿਆਇਆ
ਜਾਂ ਸ਼ਾਇਦ ਤਾਂਘ ਹੀ ਮੁੱਕ ਗਈ ਕਿਸੇ ਹੋਰ ਦਾ ਹੋਵਣ ਦੀ

ਤਾਂ ਈ ਕਹਿੰਦੇ ਆ ਨਾ ਕਿ ਸਾਂਝ ਤਾਂ ਰੂਹਾਂ ਦੀ ਹੁੰਦੀ ਆ
ਤੇ ਬਸ ਐਵੇਂ  ਦਾ ਹੀ ਰਿਸ਼ਤਾ ਹੈ ਤੇਰਾ ਤੇ ਮੇਰਾ

ਤੇਰੇ ਨਾਲ ਮੈਨੂੰ ਗਲਤ ਵੀ ਗਲਤ ਨੀ ਲੱਗਦਾ
ਇੱਕ ਤੂੰਹੀਓਂ ਹੈ ਬਸ ਜੋ ਮੇਰੇ ਦਿਲ ਨੂੰ ਫੱਬਦਾ
ਤੇਰੇ ਬਿਨਾਂ ਦੱਸ ਕੌਣ ਬਣੂ ਸਹਾਰਾ ਵੇ
ਡੁੱਬ ਰਹੀ ਸੀ ਸ਼ਾਇਦ ਮੈਂ ਆਪੇ ਵਿੱਚ ਹੀ
ਤੂੰ ਮਿਲਿਆ ਮੈਨੂੰ ਬਣਕੇ ਕਿਨਾਰਾ ਏ

ENCOURAGING ME WHEN I NEED A SHOVE
BUT MOST OF ALL THANK YOU FOR
LOVING ME FOR WHO I AM





# ਅਲਵਿਦਾ

ਸੂਹ ਆਉਂਦੀ ਹੈ ਗੱਲਾਂ ਤੋਂ, ਇਹ ਮਹਿਜ਼ ਗੱਲਾਂ ਨਹੀਂ
ਗੱਲਬਾਤ ਕੋਈ ਪਿਆਰ ਦੀ ਏ
ਨਹੀਂ ਕੌਣ ਕਰਦਾ ਕੋਹਾਂ ਦੂਰ ਤੋਂ ਕਿਸੇ ਦੀ ਫ਼ਿਕਰ
ਗੱਲ ਤੇ ਸਾਰੀ ਇਤਬਾਰ ਦੀ ਏ

ਅੱਗੋਂ ਓਹ ਵੀ ਮੱਠੀ ਮੱਠੀ ਲੋਅ ਜਿਵੇਂ ਚਾਨਣ ਖਿਲਾਰਦੀ ਏ
ਤੱਕ ਕੇ ਕੁੱਲ ਕਾਇਨਾਤ ਓਹ ਜ਼ੁਲਫ਼ਾਂ ਨੂੰ ਸੰਵਾਰਦੀ ਏ
ਚੇਤਿਆਂ ਦੇ ਸੰਦੂਕ ਚ ਅਨੇਕਾਂ ਖਿਆਲ ਸੁੰਗੜਦੇ ਨੇ
ਓਹਦੇ ਦਿਲ ਦੀਆਂ ਬਰੂਹਾਂ ਤੇ ਅਹਿਸਾਸ ਪੁੰਗਰਦੇ ਨੇ

ਮਿਲਕੇ ਓਹਨੂੰ ਓਹ ਕਰਦੀ ਨਜ਼ਾਕਤਾਂ
ਨਾਲੇ ਕਰੇ ਇਬਾਦਤ ਨਾਲੇ ਕਰਦੀ ਸ਼ਰਾਰਤਾਂ
ਖ਼ਬਰੇ ਕੁਦਰਤ ਵੀ ਐਦਾਂ ਹੀ ਕਰਦੀ ਏ
ਜਿਉਣਾ ਸਿਖਾਵੇ ਨਾਲ਼ੇ ਹੌਕੇ ਵੀ ਭਰਦੀ ਏ

ਖਿਆਲਾਂ ਨੂੰ ਬੁਣਕੇ ਹਰਫ਼ਾਂ ਨੂੰ ਪੰਨਿਆਂ ਤੇ ਧਰਦੀ ਏ
ਸੁਰਖ਼ ਰੰਗਾਂ ਨਾਲ ਤਸਵੀਰ ਨੂੰ ਭਰਦੀ ਏ
ਸ਼ਾਮ ਦੇ ਰੰਗ ਨਾਲ ਆਫ਼ਤਾਬ ਨੂੰ ਅਲਵਿਦਾ ਕਹਿੰਦੀ ਏ
ਓਹਦਾ ਚਿੜੀਆਂ ਨਾਲ ਮੋਹ, ਤਾਰਿਆਂ ਨੂੰ ਵਹਿੰਦੀ ਏ
ਆਖ਼ਦੀ ਹੋਈ ਹੱਸਦੀ ਏ
ਕਦੀ ਹੋਵੇ ਉਦਾਸ ਕਦੀ ਮੇਰੇ ਵੱਲ ਤੱਕਦੀ ਏ



ENCOURAGING ME WHEN I NEED A SHOVE
BUT MOST OF ALL THANK YOU FOR
LOVING ME FOR WHO I AM



ਥੋੜੇ ਚਿਰ ਦਾ ਸੀ ਸਕੂਨ ਮਿਲਿਆ
ਬਹੁਤਾ ਨੇੜੇ ਥੋੜਾ ਦੂਰ ਮਿਲਿਆ

ਕੁਝ ਕਵਿਤਾਵਾਂ, ਹਾਸੇ ਖੁਸ਼ੀਆਂ, ਗ਼ਮ ਵੀ ਥੋੜੇ ਸਹਿ ਆਈ ਆਂ
ਸੱਜਣ ਚੱਲੇ ਸੀ ਸ਼ਹਿਰ ਨੂੰ ਛੱਡਕੇ
ਅੱਖੀਆਂ ਨੂੰ ਅਸ਼ਕਾਂ ਨਾਲ ਭਰਕੇ ਅਲਵਿਦਾ ਕਹਿ ਆਈ ਆਂ

ENCOURAGING ME WHEN I NEED A SHOVE
BUT MOST OF ALL THANK YOU FOR
LOVING ME FOR WHO I AM





# ਕੁਦਰਤ

ਬਹੁਤ ਗੱਲਾਂ ਨੇ ਜੋ ਮੈਂ ਕਹਿਣਾ ਚਾਹੁੰਦੀ
ਪਰ ਓਹ ਸੁਣਦਾ ਨੀ
ਜਾਣਦਾ ਓਹ ਦਿਲ ਮੇਰੇ ਦੀਆਂ ਸੱਧਰਾਂ ਤਾਂ ਵੀ ਖਿਆਲਾਂ ਦੀ ਬੁਣਤੀ
ਓਹ ਬੁਣਦਾ ਨੀ

ਕਿੰਝ ਆਖਾਂ ਓਹਨੂੰ ਮਾੜਾ ਵੀ
ਓਹ ਵਜ੍ਹਾ ਮੇਰੇ ਵਸਲਾਂ ਦੀ ਹੈ
ਜ਼ਿੰਦਗੀ ਦਾ ਸਾਜ ਮੇਰਾ ਓਹਦੇ ਹੋਣ ਨਾਲ ਈ ਵੱਜਦਾ ਹੈ
ਓਹੀ ਹੈ ਅਜ਼ੀਜ਼ ਮੇਰਾ ਓਹੀ ਮੇਰੀ ਰੂਹ ਨੂੰ ਫੱਬਦਾ ਹੈ
ਫ਼ਰਕ ਨੇ ਕੁਝ ਗੱਲਾਂ ਦੇ
ਮੰਨਦੀ ਆ ਮੈਂ ਓਹਦੇ ਲਈ ਵੀ ਸੌਖਾ ਨੀ
ਮੈਂ ਸਮਝਣਾ ਨੀ ਚਾਹੁੰਦੀ ਸ਼ਾਇਦ
ਜਾਂ ਫਿਰ ਓਹਨੂੰ ਖ਼ੁਸ਼ ਰੱਖਣਾ ਮੇਰੇ ਲਈ ਔਖਾ ਹੈ

ਓਹ ਵਾਕਿਫ਼ ਏ ਮੇਰੇ ਸਾਹਵਾਂ ਤੋਂ
ਮੇਰੀ ਜ਼ਿੰਦਗੀ ਦੇ ਰਾਹਵਾਂ ਤੋਂ
ਓਹ ਜੁਗਨੂੰ ਜਿਹਾ ਜਾਪੇ
ਲੱਗੇ ਜਿਵੇਂ ਧਰਤ ਤੋਂ ਪਾਰ ਦਾ ਏ
ਆਪੇ ਬੁੱਝਕੇ ਦਿਲ ਮੇਰੇ ਦੀਆਂ ਗੱਲਾਂ
ਰੂਹ ਮੇਰੀ ਨੂੰ ਓਹ ਠਾਰਦਾ ਏ



ENCOURAGING ME WHEN I NEED A SHOVE
BUT MOST OF ALL THANK YOU FOR
LOVING ME FOR WHO I AM



ਰੂਹਦਾਰੀਆਂ ਦੀਆਂ ਸਾਂਝਾਂ ਮੈਂ ਓਹਦੇ ਸੰਗ ਪਾਈਆਂ ਨੇ
ਓਹਨੇ ਵੀ ਦਿਲ ਤੋਂ ਨਿਭਾਈਆਂ ਨੇ
ਸੱਚ ਆਖਾਂ ਤੇ ਕਦੀ ਕਦੀ ਐਨੀਆਂ ਪਿਆਰੀਆਂ ਜਿਹੀਆਂ ਗੱਲਾਂ ਓਹ ਕਰਦਾ ਏ
ਮੇਰੀ ਹਰ ਬੱਚਿਆਂ ਵਾਲੀ ਜ਼ਿਦ ਵੀ ਉਹ ਹੱਸਕੇ ਜ਼ਰਦਾ

ਉਹ ਕਾਸ਼ਨੀ ਵਾਵਾਂ ਜਿਹਾ
ਸਕੂਨ ਨਾਲ ਫ਼ਿਰਦਾ ਰਹਿੰਦਾ ਏ
ਵਾਰ ਵਾਰ ਖਹਿ ਕੇ ਦਿਲ ਮੇਰੇ ਨਾਲ ਭਿੜਦਾ ਰਹਿੰਦਾ ਏ
ਹੋਰ ਕੀ ਆਖਾਂ ਓਹਦੇ ਲਈ
ਓਹਨੂੰ ਕੁਦਰਤ ਦੇ ਬਰਾਬਰ ਰੱਖਿਆ ਮੈਂ
ਜਦ ਵੀ ਦੇਖਾਂ ਵੱਲ ਓਹਦੇ
ਜਾਪੇ ਜਿਉਂ ਰੱਬ ਨੂੰ ਨੇੜਿਓਂ ਤੱਕਿਆ ਮੈਂ

ENCOURAGING ME WHEN I NEED A SHOVE
BUT MOST OF ALL THANK YOU FOR
LOVING ME FOR WHO I AM





# ਤੇਰੇ ਨਾਲ

ਤੈਨੂੰ ਪਤੈ
ਜ਼ਿੰਦਗੀ ਬਿਤਾਉਣੀ ਆ ਮੈਂ ਤੇਰੇ ਨਾਲ
ਜਿਹੜੀਆਂ ਬਾਤਾਂ ਮੇਰੀ ਦਾਦੀ ਤਾਰਿਆਂ ਭਰੀ ਰਾਤ ਚ ਸੁਣਾਉਂਦੀ ਹੁੰਦੀ ਸੀ ਨਾ
ਤੈਨੂੰ ਬੁੱਕਲ ਚ ਲੈਕੇ ਓਹੀ ਬਾਤ ਸੁਣਾਉਣੀ ਆ ਮੈਂ

ਤੇਰਾ ਮੋਹ ਆਉਂਦਾ ਏ ਮੈਨੂੰ
ਕੁਦਰਤੀ ਸ਼ੈਆਂ ਵਾਂਗੂੰ
ਪਤਾ ਕਿੰਨੀਆਂ ਈ ਗੱਲਾਂ ਜੋ ਤੂੰ ਬਿਨਾਂ ਦੱਸੇ ਈ ਕਰਦਾ ਏ ਮੇਰੀ ਮਾਂ ਵਾਂਗੂੰ
ਇਹ ਦੁਨੀਆ ਦੇ ਫ਼ਰਕ ਪਤਾ ਨੀ ਕਿਉਂ ਮੇਰੇ ਵੱਲ ਨੀ
ਜਿਸ ਪਲ ਤੂੰ ਹੋਵੇਂ ਨਾ ਮੇਰੇ ਸਾਹਵੇਂ
ਮੈਨੂੰ ਚਾਹੀਦਾ ਐਸਾ ਕੋਈ ਕੱਲ੍ਹ ਨਹੀਂ
ਵਕਤ ਨਾਲ ਹੀ ਸਹੀ ਮੈਂ ਤੇਰੇ ਸੰਗ ਰੀਝਾਂ ਨੂੰ ਦਿਖਣਾ ਏ
ਸਾਡੇ ਖ਼ਾਸ ਪਲਾਂ ਨੂੰ ਮੈਂ ਇੱਕ ਇੱਕ ਕਰਕੇ ਲਿਖਣਾ ਏ
ਤੇਰੇ ਰੂਬਰੂ ਹੋਣਾ ਏ ਮੈਂ ਤੇਰੀ ਬਣਕੇ
ਕੱਠੇ ਹੀ ਦੁੱਖ ਸਹਿ ਲਵਾਂਗੇ ਬਸ ਇੱਕ ਦੂਜੇ ਦਾ ਹੱਥ ਫੜਕੇ

ਤਾਰਿਆਂ ਦੀ ਲੋਅ ਤੇ ਸੁਨਹਿਰੀ ਚਾਨਣ ਨੂੰ
ਤੇਰੇ ਨਾਲ ਰਹਿਕੇ ਈ ਸਿੱਖਿਆ ਮੈਂ
ਤਿਆਗ ਦੇ ਬਾਲਣ ਨੂੰ

ENCOURAGING ME WHEN I NEED A SHOVE
BUT MOST OF ALL THANK YOU FOR
LOVING ME FOR WHO I AM





ਫ਼ਰਕ ਤਾਂ ਹੈ ਨਾ
ਵਾਅਦੇ ਕਰਨ ਤੇ ਨਿਭਾਉਣ ਚ
ਕੁਝ ਚੰਗੇ ਕਰਮ ਕਰੇ ਸੀ ਸ਼ਾਇਦ
ਜੋ ਮਿਲਿਆ ਤੂੰ ਮੈਨੂੰ

ਪਤਾ ਮੈਂ ਚਾਹੁੰਦੀ ਆ ਤੂੰ ਬੋਲਦਾ ਰਹੇਂ ਹੱਸਦਾ ਰਵੇਂ ਹਰ ਗੱਲ ਤੇ ਮੇਰੇ ਨਾਲ ਨਾਲ
ਉਦਾਸ ਜਿਹਾ ਚਿਹਰਾ ਉਹ ਫ਼ਿਕਰਾਂ ਜਿਹੀਆਂ 'ਚ ਡੁੱਬਿਆ ਨਹੀਂ ਚੰਗਾ ਲੱਗਦਾ ਨਾ
ਤੂੰ ਸਕੂਨ ਏ ਮੇਰਾ
ਤੇ ਤੂੰ ਵਸਲਾਂ ਨੂੰ ਮਾਣਦਾ ਈ ਚੰਗਾ ਲੱਗਦਾ

ਹੋਰ ਪਤਾ ਮੈਂ ਕਿੰਨੇ ਸੁਪਨੇ ਤੇਰੇ ਨਾਲ ਬੁਣੇ ਨੇ
ਤੂੰ ਤੇ ਸ਼ਾਇਦ ਵਾਕਿਫ਼ ਵੀ ਨਹੀਂ ਇਸ ਗੱਲ ਤੋਂ
ਜੋ ਜੋ ਖ਼ਿਆਲ ਮੈਂ ਦਿਲ ਤੇ ਖੁਣੇ ਨੇ

ਹੁੰਦੇ ਨੇ ਕੁਝ ਮੁੰਡੇ ਐਵੇਂ ਦੇ ਵੀ
ਜਦ ਲਿਖਿਆ ਸੀ ਮੈਂ ਉਦੋਂ ਤੂੰ ਈ ਮੁੱਖ ਪਾਤਰ ਸੀ
ਤੈਨੂੰ ਪਤਾ ਨਾ ਤੂੰ ਅਲੱਗ ਹੈ ਸਭ ਤੋਂ
ਤੇਰੀਆਂ ਗੱਲਾਂ ਤੇਰੇ ਖਿਆਲ ਤੈਨੂੰ ਵੱਖ ਕਰਦੇ ਨੇ ਹੋਰਾਂ ਤੋਂ
ਤਾਂ ਹੀ ਮੈਂ ਸ਼ਾਇਦ ਤੈਨੂੰ ਚੁਣਿਆ ਹੈ



ENCOURAGING ME WHEN I NEED A SHOVE
BUT MOST OF ALL THANK YOU FOR
LOVING ME FOR WHO I AM



ਤੈਨੂੰ ਜਦ ਵੀ ਮਿਲਾਂ
ਇੰਝ ਲੱਗੇ ਜਿਉਂ ਮੇਰਾ ਈ ਹਿੱਸਾ ਹੈ
ਅੰਮ੍ਰਿਤਾ ਇਮਰੋਜ਼ ਵਾਂਗੂੰ ਤੂੰ ਵੀ ਮੇਰੇ ਖਿਆਲਾਂ ਦਾ ਸਭ ਤੋਂ ਹਸੀਨ
ਕਿੱਸਾ ਹੈ

ਕਿੰਨਾ ਈ ਕੁਝ ਅਣ ਕਿਹਾ ਰਹਿ ਜਾਂਦਾ ਪਤਾ ਕਿਉਂ
ਮੈਂ ਓਸ ਵੇਲੇ ਤੇਰੇ ਖਿਆਲਾਂ ਰਾਹੀਂ ਦੂਰ ਕਿਤੇ ਗਵਾਚੀ ਹੁੰਦੀ ਆ
ਤੇਰੇ ਨਾਲ ਤੇਰੀ ਬਣਕੇ ਬੈਠਣਾ ਮੈਨੂੰ ਪਵਿੱਤਰ ਜਿਹਾ ਜਾਪਦਾ ਏ
ਹੈਰਾਨੀ ਹੁੰਦੀ ਆ ਮੈਨੂੰ ਸੁਣਕੇ
ਜਦ ਮੇਰੀ ਮਰਜ਼ੀ ਪੁੱਛਕੇ ਤੂੰ ਮੈਨੂੰ ਵੀ 50-50 ਦੇ ਹਿੱਸੇ ਮਾਪਦਾ ਹੈ

ਤੂੰ ਮੇਰੀ ਰੂਹ ਦਾ ਹਾਣੀ ਏ
ਮਾਤਰ ਇੱਕ ਹਰਫ਼ ਸੀ ਮੈਂ
ਮੇਰੇ ਮਾਇਨੇ ਬਦਲ ਕੇ ਤੂੰ ਘੜਿਆ ਮੈਨੂੰ ਵਾਂਗ ਕਹਾਣੀ ਏ

ਹੋਰ ਦੱਸ ਮੈਂ ਕੀ ਆਖਾਂ
ਤੂੰ ਆਪੇ ਸਭ ਕੁਝ ਬੁੱਝ ਲੈਂਦਾ ਏ
ਮੇਰੇ ਗੁੱਸੇ ਹੋਣ ਤੇ ਵੀ
ਹੁਣ ਤੂੰ ਮਜਾਕ ਵੀ ਨੀ ਸਮਝਦੀ ਮੇਰਾ, ਗੁੱਸੇ ਆ ਤੂੰ ਮੇਰੇ ਨਾਲ ਵੀ
ਆਪੇ ਈ ਪੁੱਛ ਲੈਂਦਾ ਹੈ

ਬਸ ਜੋ ਵੀ ਆ ਤੂੰ ਮੇਰਾ ਤੇ ਮੈਂ ਤੇਰੀ ਆ
ਬਾਝ ਤੇਰੇ ਕੱਲਿਆਂ ਲੰਘਣੀ ਨਹੀਂ, ਇਹ ਉਮਰ ਲੰਮੇਰੀ ਆ

ENCOURAGING ME WHEN I NEED A SHOVE
BUT MOST OF ALL THANK YOU FOR
LOVING ME FOR WHO I AM





ਤੇਰੀ ਲੋੜ ਹੈ ਮੈਨੂੰ
ਤੂੰ ਹੀ ਚਾਹੀਦਾ ਏ ਬਸ
ਇਹੀ ਥੋੜ੍ਹ ਹੈ ਮੈਨੂੰ

ENCOURAGING ME WHEN I NEED A SHOVE
BUT MOST OF ALL THANK YOU FOR
LOVING ME FOR WHO I AM





# ਰਿਸ਼ਤੇ

ਮੁਰਝਾ ਕੇ
ਸੁੱਕ ਜਾਣ
ਭਾਵੇਂ
ਓਹ ਸੂਹੇ ਗੁਲਾਬ
ਪਰ
ਮਹਿਕ ਕਦੀ ਨੀ ਖ਼ਤਮ ਹੁੰਦੀ
ਬਿਲਕੁਲ ਉਵੇਂ ਹੀ
ਰਿਸ਼ਤੇ
ਜੋ ਰੂਹ ਤੋਂ ਬਣੇ ਹੋਣ
ਵੱਖ ਹੋਣ ਤੋਂ
ਬਾਅਦ ਵੀ
ਪਏ ਰਹਿੰਦੇ ਨੇ
ਯਾਦਾਂ ਬਣਕੇ
ਦਿਲ ਦੇ ਕਿਸੇ ਕੋਨੇ
ਕਦੀ ਖ਼ਤਮ ਨੀ ਹੁੰਦੇ

ENCOURAGING ME WHEN I NEED A SHOVE
BUT MOST OF ALL THANK YOU FOR
LOVING ME FOR WHO I AM





# ਰਵਾਉਣਾ ਜਾਣਦਾ ਹੈ

ਰੱਬ ਨੂੰ ਨਾ ਮੰਨੇ ਕਾਫ਼ਿਰ ਹੈ ਓਹ
ਮੇਰੀ ਸਭ ਖੁਸ਼ੀਆਂ ਦਾ ਕਾਤਿਲ ਹੈ ਉਹ
ਓਹਨੂੰ ਪਿਆਰ ਵਫ਼ਾਵਾਂ ਰਾਸ ਨਹੀਂ
ਬਸ ਨਫ਼ਰਤ ਦੇ ਹੀ ਕਾਬਿਲ ਹੈ ਉਹ
ਮੇਰੀ ਰੂਹ ਨੂੰ ਲਾ ਕੇ ਦੁੱਖ
ਓਹ ਬਾਕੀਆਂ ਨੂੰ ਹਸਾਉਣਾ ਜਾਣਦਾ ਹੈ
ਓਹਨੂੰ ਪਿਆਰ ਕਰਨਾ ਨਹੀਂ ਆਉਂਦਾ
ਓਹ ਤਾਂ ਬਸ ਰਵਾਉਣਾ ਜਾਣਦਾ ਹੈ

ਮੈਨੂੰ ਜੰਨਤ ਜੰਨਤ ਕਹਿ ਕੇ,ਨਿੱਤ ਦੋਜ਼ਖ਼ ਵਿੱਚ ਸਿੱਟਦਾ ਹੈ
ਓਹ ਝੂਠ ਬੋਲਣ ਦਾ ਹੁਨਰ ਪਤਾ ਨਹੀਂ ਕਿੱਥੋਂ ਸਿੱਖਦਾ ਹੈ
ਮੇਰੇ ਸੱਚ ਦੀ ਕੀਮਤ ਕੱਖ ਜਿਹੀ, ਓਹਦਾ ਝੂਠ ਵੀ ਵਿਕਦਾ ਹੈ
ਖੁਦ ਧੋਖੇਬਾਜ਼, ਮਗਰ ਮੈਨੂੰ ਬੇਵਫ਼ਾ ਓਹ ਲਿਖਦਾ ਹੈ
ਓਹਦੇ ਉੱਤੇ ਕਰਨ ਯਕੀਨ ਸਾਰੇ
ਗੱਲਾਂ ਵਿੱਚ ਲੈ ਕੇ ਭਰਮਾਉਣਾ ਜਾਣਦਾ ਹੈ
ਓਹਨੂੰ ਪਿਆਰ ਕਰਨਾ ਨਹੀਂ ਆਉਂਦਾ
ਓਹ ਤਾਂ ਬਸ ਰਵਾਉਣਾ ਜਾਣਦਾ ਹੈ



ENCOURAGING ME WHEN I NEED A SHOVE
BUT MOST OF ALL THANK YOU FOR
LOVING ME FOR WHO I AM



# ਇਸ਼ਕ

ਸੁਣ !
ਇਹ ਪਿਆਰ
ਇਸ਼ਕ ਸਭ
ਵਿਹਲੇ ਟਾਈਮ ਦੀਆਂ ਗੱਲਾਂ ਨੇ ਹਨਾ

ਅਕਸਰ
ਇੱਕ ਤਰਫ਼ਾ
ਇੱਕ ਤਰਫ਼ਾ ਹੀ ਰਹਿ ਜਾਂਦਾ
ਨਾ ਬੰਦਾ ਕਹਿ ਸਕਦਾ
ਨਾ ਸਹਿ ਸਕਦਾ
ਬਸ
ਲਿਖ ਓਹਦੀ ਯਾਦ 'ਚ ਦੋ-ਚਾਰ ਅੱਖਰ
ਖ਼ੁਦ ਨੂੰ ਹੀ ਬੇਵਫ਼ਾ ਕਹਿ ਸਕਦਾ

ENCOURAGING ME WHEN I NEED A SHOVE
BUT MOST OF ALL THANK YOU FOR
LOVING ME FOR WHO I AM





# ਚੇਤੇ ਹੈ

ਤੇਰੇ ਨਾਲ ਹੋਈ ਓਹ ਆਖ਼ਰੀ ਮੁਲਾਕਾਤ ਚੇਤੇ ਏ
ਓਸ ਵੇਲੇ ਹੋਈ ਸਾਰੀ ਗੱਲਬਾਤ ਚੇਤੇ ਹੈ

ਭੁੱਲੀ ਨਹੀਂ ਮੈਂ ਤੈਨੂੰ ਹਲੇ
ਕਿਵੇਂ ਲੰਘਿਆ ਹੈ ਸਾਲ ਬਿਨ ਤੇਰੇ
ਕੱਲੀ ਕੱਲੀ ਮੈਨੂੰ ਰਾਤ ਚੇਤੇ ਹੈ

ਕੀ ਦਵਾਂ ਮੁਬਾਰਕ ਨਵੇਂ ਸਾਲ ਦੀ
ਤੇਰੇ ਬਿਨਾਂ ਸੁੰਨੀ ਸਾਡੇ ਦਿਲ ਦੀ ਸਬਾਤ ਚੇਤੇ ਹੈ

ਹਰ ਦਿਨ ਚੜਦਾ ਤੇ ਢਲਦਾ ਤੇਰੀ ਯਾਦ ਨਾਲ ਹੀ
ਤੇਰੇ ਬਿਨਾਂ ਰੁਕੀ ਮੇਰੀ ਕਲਮ ਦਵਾਤ ਚੇਤੇ ਹੈ

ਤੈਨੂੰ ਤੇ ਸ਼ਾਇਦ ਪਤਾ ਵੀ ਨਹੀਂ..
ਜਦ ਮਰਜੀ ਪੁੱਛ ਕੇ ਵੇਖ ਲਵੀਂ
ਮੈਨੂੰ ਤੇ ਤੇਰੀ ਕੱਲੀ ਕੱਲੀ ਬਾਤ ਚੇਤੇ ਹੈ

ENCOURAGING ME WHEN I NEED A SHOVE
BUT MOST OF ALL THANK YOU FOR
LOVING ME FOR WHO I AM





# ਖ਼ੈਰ

ਓਹਦੇ ਨੈਣਾਂ ਦੀ ਪਾਕੀਜ਼ਗੀ
ਅੱਜ ਵੀ ਰੂਹ ਮੇਰੀ ਨੂੰ ਟੁੰਬਦੀ ਹੈ

ਇਹ ਦਿਲ ਵਸਲਾਂ ਦੇ ਰਾਹ ਪੈ ਜਾਂਦਾ
ਯਾਦ ਓਹਦੀ ਜਦ ਮੇਰੇ ਚੇਤਿਆਂ 'ਚੋਂ ਲੰਘਦੀ ਹੈ

ਓਹਨੂੰ ਕੁਝ ਕਹਾਂ
ਮੇਰੀ ਇੰਨੀ ਤੌਫ਼ੀਕ ਕਿੱਥੇ !
ਓਹਦੇ ਅੱਗੇ ਜਾ ਕੇ ਤਾਂ
ਮੇਰੇ ਹਰਫ਼ , ਮੇਰੀ ਜੁਬਾਂ ਹਰ ਵੇਲੇ ਸੰਗਦੀ ਹੈ

ਰੱਬ ਹਮਾਇਤੀ ਹੈ ਮੇਰੀ ਇਬਾਦਤ ਦਾ
ਜੋ ਖ਼ਾਬਾਂ ਵਿੱਚ ਵੀ ਖ਼ੈਰ ਓਹਦੀ ਹੀ ਮੰਗਦੀ ਹੈ

ENCOURAGING ME WHEN I NEED A SHOVE
BUT MOST OF ALL THANK YOU FOR
LOVING ME FOR WHO I AM





# ਅਧੂਰੀ ਗੱਲ

ਤੈਨੂੰ ਪਤੈ ?
ਬਹੁਤ ਗੱਲਾਂ ਨੇ ਜੋ ਮੈਂ ਤੈਨੂੰ ਕਹਿ ਨਹੀਂ ਪਾਉਂਦੀ
ਕਿੰਨੀਆਂ ਹੀ ਗੱਲਾਂ ਅਣਕਹੀਆਂ ਰਹਿਗੀਆਂ
ਬਹੁਤ ਗੱਲਾਂ ਨੇ ਜੋ ਮੈਂ ਲਿਖ ਨਹੀਂ ਪਾਉਂਦੀ
ਕਿੰਨੀਆਂ ਹੀ ਰੀਝਾਂ ਅਧੂਰੀਆਂ ਰਹਿਗੀਆਂ

ਮੇਰਾ ਦਿਲ ਸੁਕੂਨ ਚ ਨਹੀਂ ਰਹਿੰਦਾ ਅੱਜ ਕੱਲ੍ਹ
ਪਤਾ ਨਹੀਂ ਕਿਉਂ !
ਤੈਨੂੰ ਕੋਈ ਸੂਹ ਮਿਲੇ ਇਹਨਾਂ ਖੰਡਰ ਹੋਏ ਜਜ਼ਬਾਤਾਂ ਦੀ
ਤਾਂ ਜਰੂਰ ਦੱਸੀ
ਇਹ ਗੱਲ ਅਧੂਰੀ ਮੈਂ ਤੇਰੇ ਤੇ ਛੱਡੀ ਹੈ
ਜਲਦ ਪੂਰੀ ਕਰੀ ਇਸਨੂੰ
ਮੇਰੀ ਉਡੀਕ ਮੁੱਕੀ ਨੀ ਹਲੇ
ਕੀ ਪਤਾ ਜਾਂ ਸ਼ਾਇਦ ਮੈਂ ਮੁੱਕ ਜਾਵਾਂ

ENCOURAGING ME WHEN I NEED A SHOVE
BUT MOST OF ALL THANK YOU FOR
LOVING ME FOR WHO I AM





# ਕੁਦਰਤ ਦੀਆਂ ਮੀਨਾਕਾਰੀਆਂ

ਬਹੁਤ ਅਜਬ ਨੇ
ਇਹ ਕੁਦਰਤ ਦੀਆਂ ਮੀਨਾਕਾਰੀਆਂ
ਤੇਰੇ ਨਾਲ ਮੇਰੀਆਂ ਸਰਦਾਰੀਆਂ

ਕਿੰਝ ਲਿਖਾਂਗਾ
ਤੈਥੋਂ ਬਾਅਦ ਇਹ ਗੱਲਾਂ ਮੈਂ ਪਿਆਰੀਆਂ
ਤੇਰਾ ਆਉਣਾ ਮਿਲਣਾ ਤੇ ਵਿਛੜਨਾ
ਇਹ ਗੱਲਾਂ ਮੇਰੇ ਜੀਣ ਦਾ
ਸਬੱਬ ਨੇ ਵਿਚਾਰੀਆਂ
ਤੂੰ ਵੱਖ ਕਿਉਂ ਹੋਇਆ
ਮੇਰੀਆਂ ਲਿਖਤਾਂ ਤੇ ਰਹਿਗੀਆਂ ਕਵਾਰੀਆਂ

ENCOURAGING ME WHEN I NEED A SHOVE
BUT MOST OF ALL THANK YOU FOR
LOVING ME FOR WHO I AM





# ਸਭ ਦੇ ਹਿੱਸੇ

ਨਫ਼ਰਤ ਛੱਡ ਪਿਆਰ ਕਰਨਾ
ਜ਼ਿੰਦਗੀ ਨੂੰ ਵਫ਼ਾਦਾਰ ਕਰਨਾ
ਪੂਰਾ ਕਰਕੇ ਰੰਗਦਾਰ ਕਰਨਾ
ਰਾਹੀਆਂ ਤੇ ਇਤਬਾਰ ਕਰਨਾ
ਵਕ਼ਤ ਕੱਢ ਕੇ ਦੀਦਾਰ ਕਰਨਾ
ਓਸਦੀ ਇੱਕ ਦੀਦ ਦਾ ਸਦਾ ਇੰਤਜ਼ਾਰ ਕਰਨਾ
ਸਭ ਦੇ ਹਿੱਸੇ ਨੀ ਆਉਂਦਾ

ਜਜ਼ਬਾਤਾਂ ਦੀ ਪੜਚੋਲ ਕਰਨਾ
ਬੁਝੀ ਸਵਾਹ ਦੀ ਫ਼ਰੋਲ ਕਰਨਾ
ਹੰਝੂਆਂ ਨੂੰ ਜ਼ਬਾਨ ਕਰਨਾ
ਦਿਲ ਨੂੰ ਸ਼ਮਸ਼ਾਨ ਕਰਨਾ
ਸਭ ਦੇ ਹਿੱਸੇ ਨੀ ਆਉਂਦਾ

ENCOURAGING ME WHEN I NEED A SHOVE
BUT MOST OF ALL THANK YOU FOR
LOVING ME FOR WHO I AM





# ਪਰਤ ਆਵੀਂ

ਚੀਜਾਂ ਰੱਖ ਕੇ ਅਕਸਰ ਹੀ ਭੁੱਲ ਜਾਂਦੀ ਹਾਂ ਮੈਂ
ਤਰੀਕਾਂ ਵੀ ਯਾਦ ਨੀ ਰਹਿੰਦੀਆਂ ਮੈਨੂੰ
ਤੇ ਹਾਂ ਸੱਚ ! ਕੁਝ ਗੱਲਾਂ ਵੀ

ਬਸ ਇੱਕ ਤੂੰ ਹੀ ਏ
ਜੋ ਮੌਜੂਦ ਹੈ ਮੇਰੇ ਚੇਤਿਆਂ ਚ
ਤੈਨੂੰ ਭੁੱਲਣਾ ਮੇਰੇ ਵੱਸ ਦਾ ਰੋਗ ਨੀ

ਦਿਲ ਦੀਆਂ ਬਰੂਹਾਂ ਤੇ ਖਲੋਤੇ ਰਹਿ ਕੇ
ਉਡੀਕ ਹੀ ਰਹਿੰਦੀ ਹੈ, ਹਰ ਵਕਤ ਤੇਰੀ

ਗੁਜ਼ਾਰਿਸ਼ ਹੈ ਤੈਨੂੰ, ਪਰਤ ਆਵੀਂ
ਇਹਨਾਂ ਸਾਹਵਾਂ ਦੇ ਰੁਕਣ ਤੋਂ ਪਹਿਲਾਂ
ਜਿੰਦ ਮੇਰੀ ਦੇ ਮੁੱਕਣ ਤੋਂ ਪਹਿਲਾਂ

ENCOURAGING ME WHEN I NEED A SHOVE
BUT MOST OF ALL THANK YOU FOR
LOVING ME FOR WHO I AM





# ਦਿਲਾਸੇ

ਪਤੈ ਤੈਨੂੰ !
ਮਾਂਵਾਂ ਸੱਚੀਂ ਭੋਲੀਆਂ ਹੁੰਦੀਆਂ ਨੇ
ਮੈਂ ਕਿਹਾ ਮਾਂ ਓਹ ਮੈਨੂੰ ਭੁੱਲ ਗਿਆ ਹੋਣਾ ਨਾ !
ਤੇ ਓਹ ਵੀ ਜਮਾਂ ਤੇਰੇ ਵਰਗੀ
ਹਮੇਸ਼ਾਂ ਮੇਰੇ ਦਿਲ ਦੀ ਤਸੱਲੀ ਲਈ ਝੂਠੇ ਦਿਲਾਸੇ ਦਿੰਦੀ ਹੀ ਰਹਿੰਦੀ ਆ

ਕਹਿੰਦੀ ਦੱਸ ਭਲਾਂ..ਕਮਲੀ ਨਾ ਹੋਵੇ ਤਾਂ
ਇੰਝ ਥੋੜੀ ਕੋਈ ਕਿਸੇ ਨੂੰ ਭੁੱਲਦਾ ਹੁੰਦਾ
ਓਹਦੀ ਜਿੰਮੇਵਾਰੀ ਵੱਡੀ ਆ
ਕੰਮਾਂ ਕਾਰਾਂ ਵਿੱਚ ਰੁੱਝੇ ਨੂੰ ਨਹੀਂ ਵਿਹਲ ਮਿਲਦੀ ਹੋਣੀ
ਹੁਣ ਓਹ ਕਮਲੀ ਨੂੰ ਕੌਣ ਸਮਝਾਵੇ
ਵੀ ਇੰਝ ਥੋੜੀ ਨਾ ਰਿਸ਼ਤੇ ਨਿਭਦੇ ਹੁੰਦੇ ਆ
ਥੋੜਾ ਵਕਤ ਕੱਢਿਆਂ ਹੀ ਨਿਕਲਦਾ ਹੁੰਦਾ

ਮੇਰੇ ਪਿਆਰ ਦੇ ਚੱਕਰ ਚ ਓਹ ਮੈਨੂੰ ਝੂਠ ਨਾਲ ਮਨਾਉਂਦੀ ਪਈ ਹੈ
ਜੋ ਸੱਚ ਮੈਥੋਂ ਕਦੀ ਲੁਕਿਆ ਹੀ ਨਹੀਂ ਓਹ ਮੈਨੂੰ ਸਮਝਾਉਂਦੀ ਪਈ ਹੈ

ENCOURAGING ME WHEN I NEED A SHOVE
BUT MOST OF ALL THANK YOU FOR
LOVING ME FOR WHO I AM





# ਕਾਫ਼ਿਰ

ਅਸਾਂ ਜਿਸਤੋਂ ਆਸ-ਏ-ਇਸ਼ਕ ਲਗਾਈ
ਓਹ ਕਮਬਖ਼ਤ ਕਾਫ਼ਿਰ-ਏ-ਦਿਲ ਨਿਕਲਿਆ

ਸ਼ਾਇਦ ਇਹ ਕੁਦਰਤ ਓਸਦੀ ਰਮਜ਼ ਨੂੰ ਪਛਾਣਦੀ ਏ
ਐਸੇ ਕਰਕੇ ਹੀ ਓਹਦੀਆਂ ਗੱਲਾਂ 'ਚੋਂ ਕੋਈ ਨਜ਼ਮ ਮੇਰੇ ਲਈ
ਖੰਘਾਲਦੀ ਏ
ਜਦੋਂ ਬੂਹੇ 'ਚੋਂ ਕਦੀ ਲੰਘਦੇ-ਟੱਪਦੇ ਹਵਾਵਾਂ ਸੰਦਲੀ ਆਉਂਦੀਆਂ ਨੇ
ਕਰਵਾਕੇ ਓਹਦਾ ਅਹਿਸਾਸ ਮੇਰਾ ਰੋਮ-ਰੋਮ ਮਹਿਕਾਉਂਦੀਆਂ ਨੇ

ਓਹਦਾ ਮਿਲਣਾ ਕੁਦਰਤੀ ਸੀ ਤੇ ਵਿਛੜਨਾ ਵੀ ਕੁਦਰਤੀ
ਹੁਣ ਐਵੇਂ ਓਹਨੂੰ ਯਾਦ ਕਰਕੇ ਮੈਂ ਰੋ ਨਹੀਂ ਨਾ ਸਕਦੀ
ਯਾਦਾਂ ਓਹਦੀਆਂ ਦੇ ਗਲ਼ ਲੱਗ ਕੇ ਮੋਅ ਨਹੀਂ ਨਾ ਸਕਦੀ

ਓਹ ਚੰਨ ਦੀਆਂ ਰਿਸ਼ਮਾਂ ਵਰਗਾ ਨੀ
ਹਨੇਰੇ 'ਚ ਟਹਿਕਦੇ ਜੁਗਨੂੰ ਵਰਗਾ ਲੱਗਦਾ ਸੀ
ਸਰਕੰਡਿਆਂ 'ਚ ਉੱਗੀ ਕਿਸੇ ਥੋਰ ਜਿਹਾ
ਅੰਮ੍ਰਿਤਾ ਨਾਲ ਸੀ ਜਿਵੇਂ ਇਮਰੋਜ਼ ਜਿਹਾ ਲੱਗਦਾ ਸੀ

ENCOURAGING ME WHEN I NEED A SHOVE
BUT MOST OF ALL THANK YOU FOR
LOVING ME FOR WHO I AM





# ਤਾਰੇ

ਤੈਨੂੰ ਪਤਾ !
ਇਹ ਤਾਰੇ ਵੀ ਗੱਲਾਂ ਕਰਦੇ ਨੇ
ਇਹ ਵੀ ਸਾਡੇ ਵਾਂਗ ਜਜ਼ਬਾਤਾਂ ਨੂੰ ਮਹਿਸੂਸ ਕਰਦੇ ਨੇ

ਜੋ ਪਹਿਲਾਂ ਇਹਨਾਂ ਨੂੰ ਟੁੱਟਦੇ ਦੇਖ ਕੇ ਹੱਸਦਾ ਸੀ
ਓਹ ਉੱਪਰੋਂ ਉੱਪਰੋਂ ਹੀ ਤੱਕਦਾ ਸੀ
ਉਦੋਂ ਹੋਇਆ ਓਹਦੀ ਜ਼ਿੰਦਗੀ ਚ ਕੋਈ ਕਮਾਲ ਨਹੀਂ ਸੀ
ਕਰਦਾ ਓਹਨੂੰ ਕੋਈ ਸਵਾਲ ਨਹੀਂ ਸੀ
ਜਾਂ ਸ਼ਾਇਦ ਓਹਨੂੰ ਟੁੱਟਣ ਦੇ ਅਰਥ ਨਹੀਂ ਸੀ ਪਤਾ ਓਸ ਵਕਤ

ਫਿਰ ਵਕਤ ਬਦਲਿਆ..ਤੇ ਵਕਤ ਨਾਲ ਓਹਦੀਆਂ ਆਦਤਾਂ ਵੀ
ਸ਼ਾਇਦ ਕਰਿਆ ਓਹਨੂੰ ਕਿਸੇ ਨੇ ਪਿਆਰ ਸੀ
ਜਾਂ ਓਸਨੇ ਹੀ ਕੀਤਾ ਖ਼ੁਦ ਤੋਂ ਜ਼ਿਆਦਾ ਕਿਸੇ ਤੇ ਇਤਬਾਰ ਸੀ

ਫਿਰ ਆਦਤਾਂ ਛੁੱਟੀਆਂ ਤੇ ਗੱਲਾਂ ਵੀ ਮੁੱਕੀਆਂ
ਹੁਣ ਓਹ ਵੀ ਹੌਲੀ ਹੌਲੀ ਟੁੱਟ ਰਿਹਾ ਸੀ
ਕਰਿਆ ਹੱਦੋਂ ਵੱਧ ਯਕੀਨ ਓਹਦਾ
ਹੰਝੂ ਬਣ ਕੇ ਫੁੱਟ ਰਿਹਾ ਸੀ

ਹੁਣ ਓਹਨੂੰ ਸਮਝ ਆ ਰਿਹਾ ਸੀ ਕਿ
ਟੁੱਟਣ ਦਾ ਕੀ ਅਰਥ ਹੁੰਦਾ
ਤਾਂ ਹੀ ਅੱਜ ਕੱਲ੍ਹ ਹਾਲ ਪੁੱਛਣ ਤੇ ਠੀਕ ਹਾਂ ਹੀ ਦੱਸ ਰਿਹਾ ਸੀ

ENCOURAGING ME WHEN I NEED A SHOVE
BUT MOST OF ALL THANK YOU FOR
LOVING ME FOR WHO I AM





ਪੁੱਛ ਹੀ ਲੈਣਾ ਸੀ ਉਸਨੂੰ ਕਿ ਹੁਣ ਕਿਉਂ ਨਹੀਂ ਓਹ ਟੁੱਟਦਾ ਤਾਰਾ
ਦੇਖ ਕੇ ਹੱਸ ਰਿਹਾ ਸੀ !
ਕਿਉਂ ਨਹੀਂ ਓਹਦਾ ਮਾਸੂਮ ਜਿਹਾ ਦਿਲ ਕੁਝ ਦੱਸ ਰਿਹਾ ਸੀ !

ENCOURAGING ME WHEN I NEED A SHOVE
BUT MOST OF ALL THANK YOU FOR
LOVING ME FOR WHO I AM





# ਸਮਝ ਸਕਦੀ ਹਾਂ

ਤੈਨੂੰ ਪਤਾ !
ਤੇਰੇ ਨਾਲ ਇਸ਼ਕ ਏ ਤਾਂ ਹੀ ਗੱਲਾਂ ਨੇ
ਇਹ ਗੱਲਾਂ ਮਹਿਜ਼ ਗੱਲਾਂ ਨਹੀਂ
ਮੁਹੱਬਤ ਦੀਆਂ ਛੱਲਾਂ ਨੇ
ਤੇਰੇ ਸੰਗ ਘੁਲੀ ਕਿਸੇ ਬਾਤ ਦੀ ਕਹਾਣੀ ਏ
ਦਿਨ ਵੇਲੇ ਤਾਂ ਸਭ ਈ ਕਰਦੇ ਨੇ ਯਾਦ
ਇਹ ਤੇ ਰਾਤ ਦੀ ਰਾਣੀ ਏ

ਕੋਈ ਦਿਲ ਤੋਂ ਤੈਨੂੰ ਚਾਹੁੰਦਾ ਏ
ਕੋਈ ਤੇਰੀ ਗੈਰ ਹਾਜ਼ਰੀ ਚ ਵੀ ਤੈਨੂੰ ਮਨਾਉਂਦਾ ਹੈ
ਰੂਹਾਂ ਦੀਆਂ ਸਾਂਝਾਂ ਤੇਰੇ ਨਾਲ ਪਾਉਂਦਾ ਏ
ਰੂਹਦਾਰੀਆਂ..ਮੁਹੱਬਤਾਂ..ਕਾਸ਼ਨੀ ਵਾਵਾਂ
ਕਿਸੇ ਬੰਨੇ ਤੋਂ ਆਉਂਦੀਆਂ ਠੰਡੀਆਂ ਹਵਾਵਾਂ

ਮੈਨੂੰ ਸਿਖਾਉਂਦੀਆਂ ਨੇ ਜੀਣ ਦੇ ਵੱਲ
ਸਕੂਨ ਦੇ ਅਰਥ ਰੀਝਾਂ ਨੂੰ ਬੁਣਨਾ
ਤੈਨੂੰ ਮਿਲਣੇ ਤੋਂ ਬਾਅਦ ਹੀ ਤੇ ਜਾਣਿਆ ਹੈ
ਭੁੱਲ ਚੁੱਕੀ ਸਾਂ ਮੈਂ ਨੂੰ
ਤੈਥੋਂ ਮਗਰੋਂ ਹੀ ਤਾਂ ਪਛਾਣਿਆ ਹੈ
ਤੂੰ ਖ਼ਾਸ ਹੈ ਕਿੰਝ ਸਮਝਾਵਾਂ
ਦੂਰ ਹੀ ਐਨਾ ਕਿਵੇਂ ਗਲ਼ ਨਾਲ ਲਗਾਵਾਂ

ENCOURAGING ME WHEN I NEED A SHOVE
BUT MOST OF ALL THANK YOU FOR
LOVING ME FOR WHO I AM





# ਪਰ

ਦੂਰੀਆਂ ਰਾਹਾਂ ਦੀਆਂ ਨੇ ਹਨਾ ਜਿਵੇਂ ਤੂੰ ਅਕਸਰ ਈ ਕਹਿੰਦਾ ਏ
ਦੂਰ ਹੋਕੇ ਵੀ ਕੋਲ ਕੋਲ ਈ ਜਾਪਦਾ ਏ
ਗੁੱਸਾ ਗਿਲਾ ਰੋਸਾ ਹਾਸਾ ਤੂੰ ਸਭ ਕੁਝ ਮਾਪਦਾ ਹੈ

ਪਤਾ ਨੀ ਕਿਉਂ ਮੈਂ ਚਾਹੁੰਦੀ ਆ
ਤੂੰ ਨਾਲ ਨਾਲ ਹੋਵੇ
ਬੇਸ਼ੱਕ ਮੂੰਹੋਂ ਇੱਕ ਅੱਖਰ ਨਾ ਕੱਢੇਂ
ਪਰ ਹਰ ਪਲ ਮੇਰੇ ਨਾਲ ਖਲੋਵੇਂ

ਕੁਝ ਗੱਲਾਂ ਨੇ ਕੁਝ ਕਮੀਆਂ ਨੇ
ਸ਼ਾਇਦ ਮੇਰੇ ਚ ਹੀ ਆ ਸਭ
ਪਤਾ ਨੀ ਯਾਰਾ
ਕੋਈ ਮਿਲਦਾ ਨੀ ਕਿਨਾਰਾ
ਜੀਣਾ ਤੇਰੇ ਨਾਲ ਬਸ ਤੇਰੇ ਨਾਲ ਰਹਿਣਾ ਆ
ਪਤਾ ਨੀ ਕਿੰਨੀਆਂ ਗੱਲਾਂ ਹਰ ਰੋਜ ਸਾਡੇ ਹਾਸਿਆਂ ਨੂੰ ਰੋਕਦੀਆਂ ਨੇ
ਕਿੰਨੀਆਂ ਗੱਲਾਂ ਸਾਨੂੰ ਹੱਸਣ ਤੋਂ ਟੋਕਦੀਆਂ ਨੇ
ਸਮਝ ਸਕਦੀ ਆ ਨਾ ਮੈਂ

ENCOURAGING ME WHEN I NEED A SHOVE
BUT MOST OF ALL THANK YOU FOR
LOVING ME FOR WHO I AM





# ਇਸ਼ਕ

ਇਸ਼ਕ ਇਬਾਦਤ ਰੂਹਦਾਰੀ ਹੈ
ਮੇਰੇ ਲਈ ਦੁਨੀਆ ਸਾਰੀ ਹੈ
ਆਪਣੇ ਸੋਹਣੇ ਯਾਰ ਦੇ ਉੱਤੋਂ
ਮੈਂ ਤੇ ਹਰ ਇੱਕ ਸ਼ੈਅ ਵਾਰੀ ਹੈ

ਸਾਜ਼ ਜਿਹੀਆਂ ਨੇ ਉਹਦੀਆਂ ਗੱਲਾਂ
ਦੇਣ ਸਕੂਨ ਜੋ ਮੇਰੀ ਰੂਹ ਨੂੰ
ਮਹਿਰਮ ਮੈਨੂੰ ਇੰਝ ਮਿਲਿਆ ਹੈ
ਜਿਵੇਂ ਪਿਆਸਾ ਮਿਲਦਾ ਖੂਹ ਨੂੰ

ਮੇਰੀਆਂ ਸਾਰੀਆਂ ਲਿਖਤਾਂ ਉੱਤੇ
ਉਹਦੀ ਬਸ ਇੱਕ ਤੁੱਕ ਭਾਰੀ ਹੈ
ਇਸ਼ਕ ਇਬਾਦਤ ਰੂਹਦਾਰੀ ਹੈ
ਮੇਰੇ ਲਈ ਦੁਨੀਆ ਸਾਰੀ ਹੈ
ਆਪਣੇ ਸੋਹਣੇ ਯਾਰ ਦੇ ਉੱਤੋਂ
ਮੈਂ ਤੇ ਹਰ ਇੱਕ ਸ਼ੈਅ ਵਾਰੀ ਹੈ

ENCOURAGING ME WHEN I NEED A SHOVE
BUT MOST OF ALL THANK YOU FOR
LOVING ME FOR WHO I AM





# ਮੇਰਾ ਘਰ

ਤੈਨੂੰ ਪਤਾ ਤੂੰ ਮੇਰਾ ਘਰ ਹੈ
ਮੈਂ ਜਿੱਥੇ ਮਰਜ਼ੀ ਚਲਾ ਜਾਵਾਂ
ਘੁੰਮ ਘੁੰਮਾ ਕੇ ਸ਼ਾਮ ਨੂੰ ਮੈਂ ਤੇਰੇ ਕੋਲ ਹੀ ਵਾਪਿਸ ਪਰਤਣਾ ਹੈ

ਜਿਵੇਂ ਸਮੁੰਦਰ ਦਾ ਪਾਣੀ ਸੂਰਜ ਦੀ ਗਰਮੀ ਨਾਲ ਭਾਫ਼ ਬਣ ਕੇ
ਬੱਦਲਾਂ ਤੱਕ ਪਹੁੰਚਦਾ ਹੈ
ਅਤੇ ਫਿਰ ਮੀਂਹ ਦੀਆਂ ਬੂੰਦਾਂ ਰਾਹੀਂ ਦੁਬਾਰਾ ਨਦੀਆਂ ਦਰਿਆਵਾਂ
ਰਾਹੀਂ ਹੁੰਦਾ ਹੋਇਆ
ਇੱਕ ਵਾਰ ਫਿਰ ਤੋਂ ਸਮੁੰਦਰ ਦਾ ਹਿੱਸਾ ਬਣ ਜਾਂਦਾ ਹੈ
ਮੈਂ ਵੀ ਇਸੇ ਤਰ੍ਹਾਂ ਤੇਰਾ ਹੀ ਹਿੱਸਾ ਹਾਂ

ਮੈਂ ਕਿਤੇ ਵੀ ਹੋਵਾਂ ਕਿਵੇਂ ਵੀ ਹੋਵਾਂ
ਸਕੂਨ ਮੈਨੂੰ ਤੇਰੇ ਕੋਲ ਆ ਕੇ ਹੀ ਮਿਲਣਾ ਹੈ

ENCOURAGING ME WHEN I NEED A SHOVE
BUT MOST OF ALL THANK YOU FOR
LOVING ME FOR WHO I AM





# ਜਰੂਰੀ ਸੀ

ਓਹ ਕਹਿੰਦਾ
ਇਹ ਮੇਰੀ ਮਜਬੂਰੀ ਸੀ
ਮੈਂ ਪੁੱਛਿਆ ਕੀ ਇਹ ਜਰੂਰੀ ਸੀ ?

ਸੁਣਕੇ ਮੇਰੀ ਅੱਖ ਰੋਈ
ਤੇ ਦਿਲ ਅੰਦਰੋਂ ਬੋਲਿਆ ਕੋਈ
ਦਿਲ ਮੇਰਾ ਕੋਈ ਖਿਡੌਣਾ ਨਹੀਂ ਸੀ
ਕੀ ਬੱਚਿਆਂ ਵਾਂਗਰ ਇਹਨੂੰ ਤੋੜਨਾ ਜਰੂਰੀ ਸੀ ?

ਜੇ ਲਾਈ ਸੀ ਤਾਂ ਨਿਭਾ ਲੈਂਦਾ ਯਾਰਾ
ਕਿ ਛੱਲਾ ਮੇਰਾ ਮੋੜਨਾ ਜਰੂਰੀ ਸੀ ?

ENCOURAGING ME WHEN I NEED A SHOVE
BUT MOST OF ALL THANK YOU FOR
LOVING ME FOR WHO I AM





# ਕੁਝ ਮੁੰਡੇ

ਹਾਂ ਹੁੰਦੇ ਨੇ ਕੁਝ ਮੁੰਡੇ ਐਦਾਂ ਦੇ ਵੀ
ਬਾਹਲੇ ਸਾਊ ਤੇ ਭੋਲੇ ਜਿਹੇ
ਜਿਹਨਾਂ ਨੂੰ ਸੂਰਤਾਂ ਨਾਲੋਂ ਵੱਧ ਸੀਰਤਾਂ ਪਿਆਰੀਆਂ ਹੁੰਦੀਆਂ ਨੇ
ਜਿਹੜੇ ਹਰ ਛੋਟੀ ਜਿਹੀ ਗੱਲ ਨੂੰ ਦਿਲ ਤੇ ਲਗਾ ਜਾਂਦੇ ਨੇ
ਹਰ ਫੁੱਲ ਦੇ ਦਰਦ ਨੂੰ ਮਹਿਸੂਸ ਕਰਦੇ ਨੇ
ਬਹੁਤਾ ਚੁੱਪ ਜਿਹਾ ਰਹਿੰਦੇ ਨੇ
ਬਣਾਵਟ ਤੋਂ ਕੋਹਾਂ ਦੂਰ
ਅਸਲੀਅਤ ਦੇ ਦੀਵਾਨੇ ਨੇ
ਓਹ ਵੀ ਤੇ ਇਹਨਾਂ ਵਿੱਚੋਂ ਹੀ ਇੱਕ ਸੀ
ਓਹਦਾ ਭੋਲਾਪਣ
ਓਹ ਨਸ਼ੀਲੇ ਜਿਹੇ ਨੈਣ
ਫ਼ਿਕਰ, ਪਿਆਰ, ਦੋਸਤੀ ਤੇ ਲੜਾਈ ਦੇ ਰਲੇ ਮਿਲੇ ਜਿਹੇ ਭਾਵਾਂ ਵਾਲਾ
ਇੱਕੋ ਦਮ ਕਹਿਣਾ ਜਾ ਕਰਲੈ ਤੂੰ ਮਰਜ਼ੀਆਂ ! ਸਾਨੂੰ ਕੀ !
ਓਹ ਸਲੇਟੀ ਜਿਹਾ ਰੰਗ
ਕਾਸ਼ਨੀ ਹਵਾਵਾਂ ਨੂੰ ਮਹਿਸੂਸ ਕਰਦਾ ਹੋਇਆ ਮੱਥਾ
ਗੁੰਦਵਾਂ ਜਿਹਾ ਸਰੀਰ
ਇੱਕ ਪਿਆਰਾ ਜਿਹਾ ਦਿਲ
ਜੋ ਸਭਨੂੰ ਮਹਿਸੂਸ ਕਰਦਾ ਹੋਇਆ ਵੀ
ਸਿਰਫ਼ ਕਿਸੇ ਇੱਕ ਦੇ ਲੇਖਾਂ ਦਾ ਹਿੱਸਾ ਬਣਨਾ ਪਸੰਦ ਕਰਦਾ ਸੀ

ENCOURAGING ME WHEN I NEED A SHOVE
BUT MOST OF ALL THANK YOU FOR
LOVING ME FOR WHO I AM





# ਤੂੰ ਮੋਹ ਹੈ ਮੇਰਾ

ਤੈਨੂੰ ਪਤੈ ?
ਮੈਂ ਹਰ ਵਾਰੀ ਕਹਿੰਦੀ ਆ ਤੂੰ ਮੋਹ ਐ ਮੇਰਾ ਸਕੂਨ ਐ ਮੇਰਾ
ਇਹ ਗੱਲਾਂ ਸਿਰਫ਼ ਕਹਿਣ ਲਈ ਨਹੀਂ ਆ
ਤੂੰ ਸੱਚੀਓਂ ਹੈਗਾ ਆ ਯਾਰ
ਪਤਾ ਜਦ ਤੂੰ ਕਹਿੰਦਾ ' ਮੈਨੂੰ ਜ਼ਰੂਰਤ ਹੈ ਤੇਰੀ '
ਮੇਰਾ ਮਨ ਕਰਦਾ ਸਾਰੀ ਦੁਨੀਆ ਛੱਡ ਕੇ ਤੈਨੂੰ ਬਾਹਾਂ ਵਿੱਚ ਭਰ ਲਵਾਂ
ਸਭ ਦੀਆਂ ਗੱਲਾਂ ਤੇਰੇ ਨਾਲ ਕਰ ਲਵਾਂ
ਤੈਨੂੰ ਪੁੱਛਦੀ ਰਹਾਂ, ਕੀ ਚੰਗਾ ਕੀ ਮਾੜਾ ਐ
ਤੂੰ ਵਾਂਗ ਕਰੋਸ਼ੀਏ ਰੂਹ ਮੇਰੀ ਨੂੰ ਬੁਣ ਰਿਹਾ ਏ
ਰੂਹਦਾਰੀਆਂ ਦੀ ਸਾਂਝਾਂ ਪੁਣ ਰਿਹਾ ਏ

ਤੂੰ ਸਭ ਤੋਂ ਵੱਖਰਾ ਐ..ਸਭ ਤੋਂ ਅਲੱਗ
ਤਾਂ ਈ ਸ਼ਾਇਦ ਮੇਰੇ ਵਜੂਦ ਚ ਭਰਿਆ ਏ
ਹਰ ਪਲ ਹਰ ਘੜੀ ਕੋਲ ਈ ਜਾਪਦਾ ਐ
ਤੂੰ ਮੈਂ ਨੂੰ ਲਾਂਭੇ ਰੱਖ ਕੇ ਇੱਕੋ ਈ ਰੂਹ ਮਾਪਦਾ ਐ
ਹਰ ਸਫ਼ਰ ਚ ਤੂੰ ਮੈਨੂੰ ਨਾਲ ਚਾਹੀਦਾ
ਮੈਂ ਤੇਰੇ ਸੰਗ ਈ ਇਹਨਾਂ ਚਾਵਾਂ ਨੂੰ ਤੱਕਣਾ ਆ
ਬਾਕੀਆਂ ਨਾਲ ਗੱਲਾਂ ਫ਼ੇਰ ਸਹੀ
ਆਪਣੀ ਖੁਸ਼ੀ ਚ ਤੇ ਮੈਂ ਤੇਰੇ ਨਾਲ ਈ ਹੱਸਣਾ ਆ



ENCOURAGING ME WHEN I NEED A SHOVE
BUT MOST OF ALL THANK YOU FOR
LOVING ME FOR WHO I AM



ਅੰਦਰ ਖਿੜ ਜਾਂਦਾ ਮੇਰਾ
ਵੇਖ ਕੇ ਤੇਰਾ ਹੱਸਦਾ ਚਿਹਰਾ
ਹੋਰ ਦੱਸਦੇ ਮੈਨੂੰ ਕੀ ਆਖਾਂ ਮੈਂ ਤੈਨੂੰ
ਉਂਝ ਤਾਂ ਬੜੇ ਨਾਮ ਦਿੱਤੇ ਨੇ
ਇੱਕ ਤਲਬ ਐ ਜੋ ਹਰ ਪਲ ਭਾਲਦੀ ਤੈਨੂੰ
ਜੋ ਆਪਣੇ ਖ਼ਾਬ ਸੁਣਾਉਣ ਲਈ ਕਾਹਲੀ ਐ
ਸਾਰੇ ਸਾਹ ਤੇਰੇ ਨਾਲ ਈ ਕੱਟਣੇ
ਜ਼ਿੰਦਗੀ ਗੁਜ਼ਾਰਨ ਦੀ ਰੀਝ ਜੋ ਤੇਰੇ ਨਾਲ ਪਾਲੀ ਐ

ਦਿਲ ਕਰਦਾ ਹਰ ਘੜੀ ਤੇਰੇ ਨਾਲ ਨਾਲ ਰਹਾਂ
ਪਲ ਦੋ ਪਲ ਦੀ ਦੂਰੀ ਨਾ ਸਹਾਂ
ਤੂੰ ਜਾਣਦਾ ਐ ਨਾ..?
ਮੇਰਾ ਬਿਨ ਤੇਰੇ ਸਰਦਾ ਨਹੀਂ
ਇਹ ਦਿਲ ਦੀ ਤੇ ਗੱਲ ਐ ਸਾਰੀ
ਜੋ ਬਿਨ ਤੇਰੇ ਕਿਸੇ ਹੋਰ ਤੇ ਮਰਦਾ ਨਹੀਂ
ਫ਼ਿਲਹਾਲ ਤਾਂ ਚੱਲ ਸਬਰ ਜਿਹੇ ਰੱਖੇ ਨੇ
ਹੋਣਗੇ ਮੁਕੰਮਲ ਸਭ ਸੁਪਨੇ ਆਸ ਐ ਮੈਨੂੰ
ਜੋ ਤੇਰਾ ਹੱਥ ਫੜਕੇ ਤੱਕੇ ਨੇ
ਚੰਗਾ ਲੱਗਦਾ ਤੇਰੇ ਨਾਲ ਹਰ ਪਲ ਬਿਤਾਉਣਾ
ਖ਼ੁਦ ਨੂੰ ਤੇਰੇ ਅੰਦਰ ਸਮਾਉਣਾ
ਸਾਹਮਣੇ ਬਿਠਾ ਕੇ ਤੈਨੂੰ ਹਰ ਗੱਲ ਸੁਣਾਉਣਾ
ਆਪਣੀਆਂ ਗੱਲਾਂ ਨਾਲ ਈ ਖ਼ੁਦ ਨੂੰ ਰਵਾਉਣਾ

ENCOURAGING ME WHEN I NEED A SHOVE
BUT MOST OF ALL THANK YOU FOR
LOVING ME FOR WHO I AM





ਚੰਗਾ ਲੱਗਦਾ ਮੈਨੂੰ
ਤੇਰਾ ਬੁੱਕਲ ਚ ਲੈਣਾ ਮੈਨੂੰ
ਤੇ ਕਹਿਣਾ..ਮੈਂ ਨਾਲ ਆ ਨਾ ਤੇਰੇ
ਚੱਲ ਬਸ ਵੀ ਹੁਣ..ਇੱਧਰ ਦੇਖ ਮੇਰੇ ਵੱਲ ..ਕਹਿਕੇ ਮੈਨੂੰ ਸੀਨੇ ਨਾਲ ਲਾਉਣਾ
ਤੂੰ ਜਾਣਦੈਂ ਮੈਨੂੰ ਸਾਂਭਣ ਦਾ ਵੱਲ
ਤਾਂ ਹੀ ਤੇਰੇ ਨਾਲ ਈ ਚਾਹੀਦਾ ਮੈਨੂੰ ਆਪਣਾ ਕੱਲ੍ਹ
ਆਪਣਾ ਭਾਵ ਕਿ ਸਾਡਾ ਦੋਨਾਂ ਦਾ
ਕਦੀ ਹੱਸਕੇ ਕਦੀ ਰੁੱਸਕੇ ਮੰਨ ਜਾਇਆ ਕਰਾਂਗੇ ਨਾ
ਦੁਨੀਆ ਘੁੰਮਣਾ ਬਾਅਦ ਦੀ ਗੱਲ
ਆਪਾਂ ਇੱਕ ਦੂਜੇ ਦਾ ਸਾਥ ਮਨਾਇਆ ਕਰਾਂਗੇ ਨਾ
ਜਾਪੈ ਜਿਉਂ ਰੱਬ ਨੇ ਤੈਨੂੰ ਵਿਹਲੇ ਬਹਿ ਕੇ ਘੜਿਆ ਐ
ਸਭ ਰਹਿਮਤਾਂ ਨਿਆਮਤਾਂ ਤੇ ਮੁਹੱਬਤਾਂ ਨੂੰ ਤੇਰੇ ਹੱਥਾਂ ਵਿੱਚ ਜੜਿਆ ਐ
ਹਰ ਇੱਕ ਲਫ਼ਜ਼ ਰੂਹ ਦਾ ਬੋਲ ਐ
ਪੜਕੇ ਇੰਝ ਲੱਗੇ ਜਿਉਂ ਕਵਿਤਾ ਨਹੀਂ ਤੂੰਹੀਓਂ ਮੇਰੇ ਕੋਲ ਐ
ਕੁਦਰਤੀ ਜਿਹਾ ਤੂੰ ਤੇ ਇਹ ਮੁਹੱਬਤ ਨਾਲ ਲਬਰੇਜ਼ ਗੱਲਾਂ
ਮੈਨੂੰ ਜਿਉਣ ਦੇ ਅਸਲ ਅਰਥ ਸਮਝਾਉਂਦੀਆਂ ਨੇ
ਤੂੰ ਹੋਵੇਂ ਨਾ ਅੱਖਾਂ ਸਾਵੇਂ ਤੇ ਤੇਰੀ ਯਾਦ ਨਾਲ ਸਾਂਝਾਂ ਪਵਾਉਂਦੀਆਂ ਨੇ

ENCOURAGING ME WHEN I NEED A SHOVE
BUT MOST OF ALL THANK YOU FOR
LOVING ME FOR WHO I AM





# ਇਸ਼ਕ

ਮੈਂ ਸੁਣਿਆ ਸੀ ਇਸ਼ਕ ਕੀਤਾ ਨਹੀਂ ਜਾਂਦਾ ਇਸ਼ਕ ਤਾਂ ਹੋ ਜਾਂਦਾ ਹੈ
ਇਹ ਗੱਲ ਮੈਨੂੰ ਸੱਚ ਜਾਪਣ ਲੱਗ ਗਈ ਹੈ
ਕਿਉਂਕਿ ਮੈਨੂੰ ਵੀ ਅਹਿਸਾਸ ਏ ਮੁਹੱਬਤ ਹੋਇਆ ਹੈ ਤੈਨੂੰ ਵੇਖਣ ਤੋਂ ਬਾਅਦ
ਮਨ ਨੂੰ ਇੱਕ ਸੰਤੁਸ਼ਟੀ ਜਿਹੀ ਅਨੁਭਵ ਹੁੰਦੀ ਹੈ ਤੇਰੇ ਨਾਲ ਗੱਲ ਕਰਕੇ
ਮੇਰੇ ਸਾਰੇ ਗਮ ਜਿਵੇਂ ਉੜ ਜਿਹੇ ਜਾਂਦੇ ਨੇ ਤੈਨੂੰ ਬਾਹਾਂ ਵਿੱਚ ਭਰ ਕੇ

ਕੀ ਆਖਾਂ ਤੇਰੇ ਬਾਰੇ ! ਸ਼ਬਦ ਨਹੀਂ ਨੇ ਮੇਰੇ ਕੋਲ ਨਾ ਕਹਿਣ ਲਈ ਨਾ ਲਿਖਣ ਲਈ
ਮੈਂ ਪੱਥਰ ਜਿਹੀ ਸੀ ਤੇ ਤੂੰ ਪੱਥਰ ਨੂੰ ਵੀ ਮੁਹੱਬਤ ਕਰਨੀ ਸਿਖਾ ਦਿੱਤੀ ਹੈ
ਮੈਨੂੰ ਕੁਝ ਨਹੀਂ ਚੰਗਾ ਲੱਗਦਾ ਹੁਣ ਤੇਰਾ ਬਿਨਾਂ
ਤੈਨੂੰ ਇਸ਼ਕ ਕਰਨ ਤੋਂ ਬਾਅਦ ਮੇਰੇ ਵਿੱਚੋਂ ਮੈਂ ਖ਼ਤਮ ਹੋ ਚੁੱਕੀ ਆ
ਮੇਰੇ ਵਿੱਚ ਬਸ ਹੁਣ ਤੂੰ ਬਾਕੀ ਹੈ

ਮੈਂ ਇਸ਼ਕ ਤੇਰੇ ਵਿੱਚ ਪੈ ਗਈ ਆ
ਤੂੰ ਮੇਰਾ ਸਭ ਕੁਝ ਹੋ ਗਿਆ ਹੈ
ਮੈਨੂੰ ਦੁਨੀਆ ਸੋਹਣੀ ਜਾਪੇ ਵੇ
ਜਦ ਦਾ ਦਿਲ ਮੇਰਾ ਮੋਹ ਗਿਆ ਹੈ

ENCOURAGING ME WHEN I NEED A SHOVE
BUT MOST OF ALL THANK YOU FOR
LOVING ME FOR WHO I AM





ਰੂਹ ਤੋਂ ਤਾਂ ਤੇਰੀ ਹੋ ਗਈ ਮੈਂ
ਭਾਵੇਂ ਹੱਥ ਤੇ ਮਹਿੰਦੀ ਰਚੀ ਨਹੀਂ
ਤੂੰ ਜਦ ਦਾ ਫੜ੍ਹਿਆ ਹੱਥ ਮੇਰਾ
ਕੁਝ ਪਾਉਣ ਦੀ ਖ਼ਵਾਹਿਸ਼ ਬਚੀ ਨਹੀਂ

ਮੈਨੂੰ ਅੱਠੋਂ ਪਹਿਰ ਖ਼ਿਆਲ ਤੇਰੇ
ਮਰਜਾਣਿਆ ਨੀਂਦਰ ਖੋਹ ਗਿਆ ਹੈ
ਮੈਨੂੰ ਦੁਨੀਆ ਸੋਹਣੀ ਜਾਪੇ ਵੇ
ਜਦ ਦਾ ਦਿਲ ਮੇਰਾ ਮੋਹ ਗਿਆ ਹੈ

ENCOURAGING ME WHEN I NEED A SHOVE
BUT MOST OF ALL THANK YOU FOR
LOVING ME FOR WHO I AM





# ਅਜੀਜ਼ ਹੈ ਤੂੰ

ਤੂੰ ਅਜੀਜ਼ ਹੈ ਮੈਨੂੰ ਸਭ ਤੋਂ ਵੱਧ ਕੇ
ਦੁਨੀਆ ਦੀ ਸਭ ਤੋਂ ਕੀਮਤੀ ਚੀਜ਼ ਵੀ ਮੇਰੇ ਲਈ ਤੇਰੇ ਪੈਰਾਂ ਦੀ ਧੂੜ ਵਰਗੀ ਹੈ
ਤੂੰ ਬੇਸ਼ਕੀਮਤੀ ਹੈ, ਬਹੁਮੁੱਲੀ ਹੈ
ਤੂੰ ਤਾਂ ਬਸ ਤੂੰ ਹੈ ਯਾਰ
ਤੇਰੇ ਵਰਗਾ ਕੁਝ ਹੋਰ ਬਣਾ ਹੀ ਨਹੀਂ ਸਕਿਆ ਰੱਬ ਤੇਰੇ ਤੋਂ ਬਾਅਦ

ਤੂੰ ਮੈਨੂੰ ਕਿਸੇ ਵਗਦੀ ਹੋਈ ਨਦੀ ਵਰਗੀ ਲੱਗਦੀ ਹੈ
ਜੋ ਜਿੱਥੋਂ ਜਿੱਥੋਂ ਵੀ ਲੰਘਦੀ ਹੈ ਜੀਵਨ ਦਿੰਦੀ ਹੋਈ ਜਾਂਦੀ ਹੈ
ਤੂੰ ਬਹੁਤ ਜਣਿਆਂ ਨੂੰ ਜ਼ਿੰਦਗੀ ਜਿਊਣੀ ਸਿਖਾਈ ਹੈ
ਬਹੁਤਿਆਂ ਨੂੰ ਜ਼ਿੰਦਗੀ ਦੇ ਅਰਥ ਵੀ ਸਮਝਾਏ ਨੇ
ਮੈਂ ਵੀ ਉਹਨਾਂ ਵਿੱਚੋਂ ਇੱਕ ਹਾਂ

ਮੈਨੂੰ ਪਤਾ ਹੈ ਤੈਨੂੰ ਚਾਉਣ ਵਾਲੇ ਬਹੁਤ ਨੇ
ਬੜੀ ਆਸਾਨੀ ਨਾਲ ਤੈਨੂੰ ਤੇ ਕੋਈ ਵੀ ਮੇਰੇ ਤੋਂ ਵਧੀਆ ਮਿਲ ਸਕਦਾ ਹੈ

ਪਰ ਮੈਂ ਖੁਸ਼ਕਿਸਮਤ ਹਾਂ ਕਿ ਤੂੰ ਮੈਨੂੰ ਚੁਣਿਆ ਹੈ
ਇਹ ਜਾਣਦੇ ਹੋਏ ਵੀ ਕਿ ਮੈਂ ਤੇਰੇ ਕਾਬਿਲ ਨਹੀਂ ਆ
ਤੂੰ ਫਿਰ ਵੀ ਮੁਹੱਬਤ ਕੀਤੀ ਹੈ

ENCOURAGING ME WHEN I NEED A SHOVE
BUT MOST OF ALL THANK YOU FOR
LOVING ME FOR WHO I AM





ਤੈਨੂੰ ਪਤਾ !

ਤੂੰ ਮੇਰੇ ਲਈ ਜ਼ਿੰਦਗੀ ਵਰਗੀ ਹੈ

ਕਿਉਂਕਿ ਜ਼ਿੰਦਗੀ ਤੋਂ ਵੱਧ ਕੇ ਕੀਮਤੀ ਕੁਝ ਨਹੀਂ ਹੁੰਦਾ

ENCOURAGING ME WHEN I NEED A SHOVE
BUT MOST OF ALL THANK YOU FOR
LOVING ME FOR WHO I AM





ਮੇਰਾ ਗੀਤ ਵੀ ਓਹ ਕਵਿਤਾ ਵੀ ਓਹ
ਓਹ ਨਜ਼ਮ ਮੇਰੀ ਓਹ ਸ਼ਾਇਰੀ ਹੈ
ਓਹ ਹੀ ਕਲਮ ਤੇ ਸਿਆਹੀ ਵੀ
ਓਹ ਗ਼ਜ਼ਲ ਮੇਰੀ ਓਹ ਡਾਇਰੀ ਹੈ

✿✿✿✿✿

ਮੈਂ ਵਾਕਿਫ਼ ਹਾਂ ਓਹਦੀ ਹਰ ਖ਼ੂਬੀ ਤੋਂ
ਮੈਂ ਵਾਕਿਫ਼ ਹਾਂ ਓਹਦੀ ਹਰ ਕਮੀ ਤੋਂ
ਮੈਂ ਵਾਕਿਫ਼ ਹਾਂ ਓਹਦੀ ਮੁਸਕਾਨ ਤੋਂ
ਮੈਂ ਵਾਕਿਫ਼ ਹਾਂ ਓਹਦੀ ਅੱਖ ਦੀ ਨਮੀ ਤੋਂ

✿✿✿✿✿

ਹਰ ਵਾਰ ਮੈਂ ਤੈਨੂੰ ਚੁਣਦੀ ਹਾਂ
ਤੇਰੇ ਹੀ ਸੁਪਨੇ ਬੁਣਦੀ ਹਾਂ
ਚਿਹਰੇ ਤੇ ਆ ਮੁਸਕਾਨ ਜਾਂਦੀ
ਜਦ ਜਦ ਤੇਰਾ ਨਾਂ ਸੁਣਦੀ ਹਾਂ

✿✿✿✿✿

ਹੱਸਦੇ ਹੋਏ ਚਿਹਰੇ ਪਿੱਛੇ
ਲੁਕੇ ਹੋਏ ਦਰਦ ਪਛਾਣ ਲੈਂਦਾ ਹੈ
ਪਤਾ ਨਹੀਂ ਕਿੰਝ ਬਿਨ ਦੱਸੇ ਹੀ
ਮੇਰਾ ਹਰ ਗਮ ਜਾਣ ਲੈਂਦਾ ਹੈ

✿✿✿✿✿

ENCOURAGING ME WHEN I NEED A SHOVE
BUT MOST OF ALL THANK YOU FOR
LOVING ME FOR WHO I AM





ਸ਼ਾਇਰਾਂ ਦੀ ਮਹਿਫ਼ਿਲ ਵਿੱਚ ਟਿਕਿਆ ਜਾਂਦਾ ਨਹੀਂ
ਲਫ਼ਜ਼ਾਂ ਦੀ ਦਰਗਾਹ ਵਿੱਚ ਵਿਕਿਆ ਜਾਂਦਾ ਨਹੀਂ
ਕੋਸ਼ਿਸ਼ ਤੇ ਬੜੀ ਕਰ ਕੇ ਵੇਖ ਲਈ ਸੱਜਣ ਜੀ
ਤੇਰੇ ਵਰਗਾ ਕੁਝ ਵੀ ਲਿਖਿਆ ਜਾਂਦਾ ਨਹੀਂ

✿✿✿✿✿

ਮੈਂ ਝੀਲ ਜਿਹੀ ਉਹ ਸਾਗਰ ਹੈ
ਓਹਦੇ ਵਿੱਚ ਜਾ ਕੇ ਰਲਣਾ ਹੈ
ਮੇਰੀ ਮੰਜ਼ਿਲ ਹੈ ਯਾਰ ਮੇਰਾ
ਮੈਂ ਓਹਦਾ ਹਿੱਸਾ ਬਣਨਾ ਹੈ

✿✿✿✿✿

ਮੇਰੇ ਹਰ ਇੱਕ ਸਾਹ ਤੇ ਹੱਕ ਬਸ ਤੇਰਾ ਹੈ
ਤਿਆਰ ਹਾਂ ਜ਼ਿੰਦਗੀ ਤੇਰੇ ਨਾਮ ਲਗਾਵਣ ਲਈ
ਐਵੇਂ ਹੀ ਨਹੀਂ ਮਿਲਿਆ ਮੈਨੂੰ ਸੱਜਣਾ ਤੂੰ
ਮੈਂ ਥਾਂ ਥਾਂ ਮੱਥੇ ਟੇਕੇ ਤੈਨੂੰ ਪਾਵਣ ਲਈ

✿✿✿✿✿

ਕੋਇਲਾਂ ਵੀ ਹੋ ਗਈਆਂ ਨੇ ਤੇਰੀਆਂ ਮੁਰੀਦ ਯਾਰਾ
ਤਿੱਤਲੀ ਵੀ ਮਿਲਣੇ ਦੀ ਲਾਈ ਬੈਠੀ ਰੱਟ ਹੈ
ਚਾਰੇ ਪਾਸੇ ਵੰਡਦਾ ਤੂੰ ਫ਼ਿਰਦਾ ਸੁਗੰਧੀਆਂ
ਤੂੰ ਵੀ ਕਿਹੜਾ ਸੱਜਣਾ ਗੁਲਾਬਾਂ ਨਾਲੋਂ ਘੱਟ ਹੈ

✿✿✿✿✿

ENCOURAGING ME WHEN I NEED A SHOVE
BUT MOST OF ALL THANK YOU FOR
LOVING ME FOR WHO I AM





ਜ਼ਿੰਦਗੀ ਮੇਰੀ ਚ ਤੇਰਾ ਆਉਣਾ ਬੇਸ਼ਕੀਮਤੀ
ਤੇਰਾ ਮੈਨੂੰ ਗਲ ਨਾ ਲਗਾਉਣਾ ਬੇਸ਼ਕੀਮਤੀ
ਬੇਸ਼ਕੀਮਤੀ ਹੈ ਤੇਰਾ ਹਰ ਇੱਕ ਬੋਲ ਯਾਰਾ
ਤੇਰਾ ਮੈਨੂੰ ਹੱਸ ਕੇ ਬੁਲਾਉਣਾ ਬੇਸ਼ਕੀਮਤੀ

✿✿✿✿✿

ਖ਼ਾਸ ਹੁੰਦਾ ਹੈ ਦਿਲ ਹੌਲ਼ਾ ਕਰਨੇ ਦੇ ਲਈ ਕੋਈ
ਸਭਨਾਂ ਮੂਹਰੇ ਆਪਣੀਆਂ ਅੱਖਾਂ ਭਰ ਨਹੀਂ ਸਕਦੇ
ਲੋਕ ਬਥੇਰੇ ਨੇ ਭਾਵੇਂ ਇਸ ਦੁਨੀਆ ਉੱਤੇ
ਪਰ ਹਰ ਇੱਕ ਨਾਲ ਜ਼ਿੰਦਗੀ ਸਾਂਝੀ ਕਰ ਨਹੀਂ ਸਕਦੇ

✿✿✿✿✿

ਮੈਂ ਤੇਰੀ ਤਸਵੀਰ ਨਾ ਗੱਲਾਂ ਕਰਦੀ ਹਾਂ
ਕਦੇ ਕਦੇ ਬਾਹਾਂ ਦੇ ਵਿੱਚ ਵੀ ਭਰਦੀ ਹਾਂ
ਜਿੰਨੀ ਮੁਹੱਬਤ ਕਰਦਾ ਤੂੰ ਮੈਨੂੰ ਸੱਜਣਾ
ਉਸਤੋਂ ਦੂਣੀ ਸੋਹਣਿਆ ਤੈਨੂੰ ਕਰਦੀ ਹਾਂ

✿✿✿✿✿

ਪੂਰੀ ਸ਼ਿੱਦਤ ਨਾਲ ਸੁਣਦੀ ਹਾਂ
ਓਹ ਜਦ ਜਦ ਕੋਈ ਬਾਤ ਕਹੇ
ਮੈਂ ਜਦ ਓਹਦੇ ਲਈ ਸ਼ੇਅਰ ਬੋਲਾਂ
ਓਹ ਅੱਖਾਂ ਨਾਲ ਇਰਸ਼ਾਦ ਕਰੇ

✿✿✿✿✿

ENCOURAGING ME WHEN I NEED A SHOVE
BUT MOST OF ALL THANK YOU FOR
LOVING ME FOR WHO I AM





ਕੁਦਰਤ ਦੇ ਨੇੜੇ ਹੋ ਇਸਨੂੰ ਜਾਣੇ ਓਹ
ਕੁਦਰਤ ਦੀ ਯਾਰੋ ਹਰ ਰਮਜ਼ ਪਛਾਣੇ ਓਹ
ਕੁਦਰਤ ਵਰਗੀ ਓਸ ਕੁੜੀ ਲਈ ਕੀ ਆਖਾਂ
ਕੁਦਰਤ ਵਿੱਚ ਬਹਿ ਕੇ ਕੁਦਰਤ ਨੂੰ ਮਾਣੇ ਓਹ

✿✿✿✿✿

ਅੱਲਾਹ ਦੇ ਦੇਵੇ ਜੇ ਇਜ਼ਾਜਤ ਇਹ ਮੈਨੂੰ
ਮੈਂ ਹਰ ਵਾਰੀ ਸੱਜਣਾ ਵੇ ਚੁਣਨਾ ਏ ਤੈਨੂੰ
ਬੜਾ ਚੰਗਾ ਲੱਗਦਾ ਮੈਨੂੰ ਤੇਰਾ ਕਹਿਣਾ
"ਮੈਂ ਸੁਣਨਾ ਐ ਤੈਨੂੰ, ਮੈਂ ਸੁਣਨਾ ਐ ਤੈਨੂੰ"

✿✿✿✿✿

ਮੈਂ ਤੇਰੇ ਨਾਲ ਘੁੰਮਣਾ ਆ
ਜਦ ਜਦ ਤੂੰ ਹੋਵੇਂ ਉਦਾਸ ਤੇਰੇ ਮੱਥੇ ਨੂੰ ਚੁੰਮਣਾ ਆ
ਗਲ ਲਾਕੇ ਤੇਰੇ ਤੋਂ ਆਪਾ ਵਾਰਨਾ ਏ
ਤੂੰ ਹੋਵੇਂ ਅੱਖਾਂ ਸਾਹਵੇਂ
ਮੈਂ ਤੇ ਬਸ ਤੈਨੂੰ ਨਿਹਾਰਨਾ ਐ

✿✿✿✿✿

ਤੂੰ ਹੁੰਦਾ ਏ ਨਾਲ ਜਦੋਂ ਵੀ
ਸਾਰੇ ਮਸਲੇ ਹੱਲ ਹੁੰਦੇ ਨੇ
ਜੋ ਮੈਂ ਤੇਰੇ ਨਾਲ ਬਿਤਾਵਾਂ
ਆਫ਼ਰੀਨ ਜਿਹੇ ਪਲ ਹੁੰਦੇ ਨੇ

✿✿✿✿✿

ENCOURAGING ME WHEN I NEED A SHOVE
BUT MOST OF ALL THANK YOU FOR
LOVING ME FOR WHO I AM





ਲੱਖਾਂ ਨੇ ਕੁਰਬਾਨ ਬਹਾਰਾਂ
ਸੋਹਣੇ ਤੇਰੇ ਨਾਂ ਦੇ ਉੱਤੇ
ਜਿੱਥੇ ਜਿੱਥੇ ਪੈਰ ਧਰੇਂ
ਫੁੱਲ ਉੱਗ ਜਾਵਣ ਉਸ ਥਾਂ ਦੇ ਉੱਤੇ

✿✿✿✿✿

ਹੋਇਆ ਫਿਰੇ ਦੀਵਾਨਾ ਹਰ ਇੱਕ ਰੁੱਖ ਓਹਦਾ
ਧੁੱਪ ਵਿੱਚ ਸੋਨੇ ਵਾਂਗਰ ਚਮਕੇ ਮੁੱਖ ਓਹਦਾ
ਮੇਰੀਆਂ ਖੁਸ਼ੀਆਂ ਓਹਦੇ ਨਾਮ ਲਵਾਦੇ ਤੂੰ
ਅੱਲਾਹ ਮੈਨੂੰ ਦੇ ਦੇ ਹਰ ਇੱਕ ਦੁੱਖ ਓਹਦਾ

✿✿✿✿✿

ਦੇਖਣ ਦੇ ਜੀ ਭਰ ਤੈਨੂੰ
ਮੁੱਖ ਆਪਣੇ ਤੋਂ ਹੱਥ ਹਟਾ ਦੇ
ਮੱਥੇ ਉੱਤੋਂ ਵਾਲ ਹਟਾ ਕੇ
ਜੰਨਤ ਦੇ ਦੀਦਾਰ ਕਰਾ ਦੇ

✿✿✿✿✿

ਜਿੱਥੇ ਮਿਲ ਜੇ ਦਿਲ, ਉੱਤੇ ਪੱਥਰ ਵੀ ਰੱਬ ਹੈ
ਇਹ ਗੱਲ ਕੋਈ ਅਜੰਤਾ ਦੀ ਮੂਰਤ ਦੀ ਨਹੀਂ ਹੈ
ਇੰਨਾ ਹੀ ਮੈਂ ਕਹਿਣਾ ਚਾਹੁੰਦਾ ਤੈਨੂੰ ਸੱਜਣਾ
ਗੱਲ ਸੀਰਤ ਦੀ ਯਾਰਾ ਵੇ, ਸੂਰਤ ਦੀ ਨਹੀਂ ਹੈ

✿✿✿✿✿

ENCOURAGING ME WHEN I NEED A SHOVE
BUT MOST OF ALL THANK YOU FOR
LOVING ME FOR WHO I AM





ਜਿੰਨਾ ਮਰਜੀ ਨਾ ਨਾ ਕਰੀ ਜਾ
ਪਰ ਤੈਨੂੰ ਅਹਿਸਾਸ ਤੇ ਹੋਇਆ ਸੀ ਨਾ
ਮੈਨੂੰ ਚੁੱਪ ਕਰਵਾ ਰਿਹਾ ਸੀ
ਪਰ ਸੱਚ ਦੱਸੀਂ ਤੂੰ ਰੋਇਆ ਸੀ ਨਾ ?

✿✿✿✿✿

ਮੇਰਾ ਅੰਤ ਵੀ ਓਹ ਸ਼ੁਰੂਆਤ ਵੀ ਓਹ ਹੈ
ਮੇਰਾ ਦਿਨ ਵੀ ਓਹ ਤੇ ਰਾਤ ਵੀ ਉਹ ਹੈ
ਮੇਰਾ ਇਸ਼ਕ ਮੁਹੱਬਤ ਸਭ ਕੁਝ ਓਹ
ਮੇਰਾ ਮਜ਼੍ਹਬ ਵੀ ਓਹ ਤੇ ਜਾਤ ਵੀ ਓਹ ਹੈ
ਮੇਰੀ ਧੜਕਣ ਓਹ ਤੇ ਸਾਹ ਵੀ ਓਹ ਹੈ
ਮੇਰੀ ਮੰਜ਼ਿਲ ਸਫ਼ਰ ਤੇ ਰਾਹ ਵੀ ਓਹ ਹੈ
ਮੇਰਾ ਯਕੀਨ ਵੀ ਓਹ ਇਤਬਾਰ ਵੀ ਓਹ ਹੈ
ਮੇਰੀ ਚਾਹਤ ਵੀ ਓਹ ਮੇਰਾ ਪਿਆਰ ਵੀ ਓਹ ਹੈ
ਓਹਦੇ ਨਾਲ ਜੁੜੇ ਨੇ ਸਭ ਮੌਸਮ
ਮੇਰੀ ਪਤਝੜ ਅਤੇ ਬਹਾਰ ਵੀ ਓਹ ਹੈ

✿✿✿✿✿

ਮੈਂ ਲਿਖਦੀ ਲਿਖਦੀ ਪੁੱਜ ਜਾਵਾਂ
ਤੇਰੇ ਇਸ਼ਕ ਦਿਆਂ ਦਰਿਆਵਾਂ ਚ
ਤੇਰੇ ਵਿੱਚ ਰਚ ਜਾਣਾ ਚਾਹੁੰਦੀ ਹਾਂ
ਜਿਵੇਂ ਰਚੀ ਜ਼ਿੰਦਗੀ ਸਾਹਾਂ ਚ

✿✿✿✿✿

ENCOURAGING ME WHEN I NEED A SHOVE
BUT MOST OF ALL THANK YOU FOR
LOVING ME FOR WHO I AM





ਬਹੁਤਿਆਂ ਸਮਝਦਾਰਾਂ ਨੂੰ ਕਈ ਵਾਰ ਸਰਲ ਜਿਹੀਆਂ ਕਵਿਤਾਵਾਂ ਵੀ
ਸਮਝ ਨਹੀਂ ਆਉਂਦੀਆਂ

✿✿✿✿✿

ਤੂੰ ਸ਼ਾਇਰ ਏ ਕਿਸੇ 'ਵਾ ਵਰਗਾ
ਸੁਕੂਨ ਨਾਲ ਲਬਰੇਜ਼
ਕਿਸੇ ਆਉਂਦੇ ਜਾਂਦੇ ਸਾਹ ਵਰਗਾ

✿✿✿✿✿

ਦਿਲ ਕਰਦਾ ਐ ਤੇਰੇ ਵਾਲ ਸਵਾਰਾਂ ਮੈਂ
ਸਾਹ ਜ਼ਿੰਦਗੀ ਦਾ ਹਰ ਇੱਕ ਤੈਥੋਂ ਹਾਰਾਂ ਮੈਂ
ਵਾਅ ਬਣ ਤੇਰੇ ਨਾਲ ਮੈਂ ਘੁੰਮਣਾ ਚਾਹੁੰਦੀ ਆ
ਧੁੱਪ ਬਣ ਤੇਰਾ ਮੁੱਖੜਾ ਚੁੰਮਣਾ ਚਾਹੁੰਦੀ ਆ

✿✿✿✿✿

ਤੂੰ ਲਿਖਦਾ ਜਿਸਦੇ ਲਈ
ਓਹਦੇ ਲਈ ਹੀ ਗਾਉਂਦਾ ਹੋਵੇਂਗਾ
ਜਦ ਓਹਨੇ ਨਹੀਂ ਸੁਣੇ
ਤੂੰ ਤਾਂ ਹੀ ਸਾਨੂੰ ਪਿਆਰ ਭਰੇ ਨਗਮੇ ਸੁਣਾਉਂਦਾ ਹੋਵੇਂਗਾ
ਖ਼ਾਸ ਤੇ ਛੱਡ
ਤੂੰ ਐਵੇਂ ਹੀ ਬਸ
ਗੱਲਾਂ ਨਾਲ ਸਾਨੂੰ ਭਰਮਾਉਂਦਾ ਹੋਵੇਂਗਾ

✿✿✿✿✿

ENCOURAGING ME WHEN I NEED A SHOVE
BUT MOST OF ALL THANK YOU FOR
LOVING ME FOR WHO I AM





ਖੂਬਸੂਰਤ ਹੈ ਤੂੰ, ਤੇਰਾ ਨਾਂ ਵੀ ਖੂਬਸੂਰਤ ਹੈ
ਤੇਰੇ ਨਾਲ ਜੁੜੀ ਹੋਈ ਹਰ ਥਾਂ ਵੀ ਖੂਬਸੂਰਤ ਹੈ
ਖੂਬਸੂਰਤ ਹੈ ਤੇਰੀ ਲਿਖੀ ਹਰ ਨਜ਼ਮ ਵੀ
ਤੇਰੇ ਵਾਂਗੂ ਤੇਰਾ ਗਰਾਂ ਵੀ ਖੂਬਸੂਰਤ ਹੈ

**✿✿✿ਸਮਾਪਤ✿✿✿**

www.punjabilibrary.com

ENCOURAGING ME WHEN I NEED A SHOVE
BUT MOST OF ALL THANK YOU FOR
LOVING ME FOR WHO I AM



# ਇਸ਼ਕ ਦੀ ਸਾਂਝ

## ਰਬਾਬਪ੍ਰੀਤ



www.punjabilibrary.com

rababpreet7 preetrabab480@gmail.com